RNI Registration No: PUNPUN/2015/61118

SO KAHIYAT HAI SOORA (MONTHLY)
Volume 9 Issue 07
July 2023, S.A.S. Nagar (Mohali)

ਜੁਲਾਈ 2023
ਹਾੜ-ਸਾਵਣ
੫੫੫ ਨਾਨਕਸ਼ਾਹੀ
₹20

# ਸੋ ਕਹੀਅਤ ਹੈ ਸੂਰਾ



## ਸਰਬੋਤਮ ਧਰਮ : ਖਾਲਸਾ ਪੰਥ

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸੰਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




## ਸਿੱਖ ਹਿੰਦੂ ਨਹੀਂ

ਸੁਆਮੀ ਜੀ ਨੇ ਵੇਦਾਂ, ਹੋਰ ਹਿੰਦੂ ਧਰਮ-ਗ੍ਰੰਥਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਕੇ ਸਿੱਧ ਕੀਤਾ ਹੈ ਕਿ ਸਿੱਖ ਧਰਮ ਇਕ ਸੁਤੰਤਰ ਅਤੇ ਸਭ ਤੋਂ ਵਿਲੱਖਣ ਧਰਮ ਹੈ। ਸਿੱਖਾਂ ਨੂੰ ਕੇਸਾਧਾਰੀ ਹਿੰਦੂ ਆਖਣਾ ਜਾਂ 'ਹਿੰਦੂ ਧਰਮ ਦਾ ਇਕ ਹਿੱਸਾ' ਸਮਝਣਾ ਵੱਡੀ ਮੂਰਖਤਾਈ ਹੈ। ਸਵਾਮੀ ਜੀ ਦੀ ਲਿਖਤ ਮੁਤਾਬਕ ਹਿੰਦੂ ਧਰਮ ਸਵੈ-ਵਿਰੋਧੀ ਖ਼ਿਆਲਾਂ ਦਾ ਮਿਲਗੋਭਾ ਧਰਮ ਹੈ। ਇਸ ਦੇ ਉਲਟ ਸਿੱਖ ਧਰਮ "ਲੋਕ ਸੁਖੀਏ ਤੇ ਪਰਲੋਕ ਸੁਹੇਲੇ" ਕਰਨ ਵਾਲਾ ਸਿੱਧਾ ਤੇ ਸੁਖੈਨ ਮਾਰਗ ਹੈ। ਸਿਮ੍ਰਤੀਆਂ ਅਤੇ ਹਿੰਦੂ-ਸ਼ਾਸਤਰਾਂ ਅਨੁਸਾਰ ਬ੍ਰਾਹਮਣ, ਬ੍ਰਹਮਾ ਦੇ ਸਿਰ ਤੋਂ ਪੈਦਾ ਹੋਇਆ ਦੱਸ ਕੇ ਉਸ ਨੂੰ ਸਮੁੱਚੇ ਸਮਾਜ ਦਾ ਕਰਤਾ-ਧਰਤਾ ਮੰਨਿਆ ਗਿਆ ਹੈ। ਇਨ੍ਹਾਂ ਮੁਤਾਬਕ ਬ੍ਰਾਹਮਣ ਪੂਜਣਯੋਗ ਹੈ, ਭਾਵੇਂ ਉਹ ਮੂਰਖ ਜਾਂ ਕੁਕਰਮੀ ਹੀ ਕਿਉਂ ਨਾ ਹੋਵੇ। ਪਰ ਦੂਜੇ ਪਾਸੇ ਭਗਤ ਕਬੀਰ ਜੀ ਫ਼ੁਰਮਾਉਂਦੇ ਹਨ :

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥੨॥( ॥੪॥੭॥)
(ਗਉੜੀ ਕਬੀਰ ਜੀ, ਅੰਕ : ੩੨੪)

# SO KAHIYAT HAI SOORA
(Monthly)

RNI NO: PUNPUN/2015/61118

Volume 9 Issue 07



ਸਰਪ੍ਰਸਤ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।

ਕਾਰਜਕਾਰੀ ਸੰਪਾਦਕ

ਭਾਈ ਮਨਵੀਰ ਸਿੰਘ

ਕਾਨੂੰਨੀ ਸਲਾਹਕਾਰ

ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ

ਸਲਾਹਕਾਰ ਬੋਰਡ

ਭਾਈ ਹਰਦਿਆਲ ਸਿੰਘ ਗੁਰਦਾਸਪੁਰ,
ਭਾਈ ਭੁਪਿੰਦਰ ਸਿੰਘ ਅੰਮ੍ਰਿਤਸਰ,
ਭਾਈ ਹਰਮੋਹਿੰਦਰਪਾਲ ਸਿੰਘ ਮੋਹਾਲੀ,
ਭਾਈ ਇੰਦਰਜੀਤ ਸਿੰਘ ਵੈਨਕੂਵਰ।



ਮੁੱਖ ਦਫ਼ਤਰ
ਮਕਾਨ ਨੰਬਰ : 532, ਫੇਜ਼-3ਬੀ1, ਐੱਸ. ਏ.ਐੱਸ. ਨਗਰ, (ਮੋਹਾਲੀ)
ਪਿੰਨ : 160059
ਫ਼ੋਨ ਨੰਬਰ : 93177-53202
e-mail : akjmagzine@yahoo.com



Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR


# ਸੰਪਾਦਕੀ

## ਜੁਲਾਈ ਮਹੀਨੇ ਨਾਲ ਜੁੜਿਆ ਸ਼ਹਾਦਤਾਂ ਦਾ ਸਫ਼ਰ...

ਸਿੱਖ ਇਤਿਹਾਸ ਨਾਮ ਰੱਤੇ, ਗੁਰੂ ਦੇ ਪਿਆਰੇ ਨਿਰਵੈਰ, ਸੂਰਬੀਰ ਸਿੱਖਾਂ ਦੀਆਂ ਸ਼ਹਾਦਤਾਂ ਨਾਲ ਭਰਿਆ ਪਿਆ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਸਿੱਖ ਇਤਿਹਾਸ ਦਾ ਇਕ-ਇਕ ਅੱਖਰ ਸਿੱਖਾਂ ਦੇ ਲਹੂ ਨਾਲ ਲਿਖਿਆ ਹੋਇਆ ਹੈ। ਕੂੜ-ਕੁਸੱਤ ਦੇ ਨਾਸ਼ ਅਤੇ ਸੱਚ ਦੇ ਪ੍ਰਕਾਸ਼ ਲਈ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਵਲੋਂ ਚਲਾਇਆ ਸਿੱਖ ਪੰਥ ਪਿਛਲੇ ਪੰਜ ਸੌ ਸਾਲਾਂ ਤੋਂ ਆਪਣੇ ਲਹੂ ਦਾ ਤੇਲ ਪਾ ਕੇ ਸਿੱਖੀ ਦੇ, ਸੱਚ ਦੇ ਦੀਵੇ ਨੂੰ ਬਲਦਾ ਰੱਖਦਾ ਆਇਆ ਹੈ। ਸਿੱਖਾਂ ਨੇ ਜਿਥੇ ਨਿਤਾਣਿਆਂ, ਨਿਆਸਰਿਆਂ ਤੇ ਮਜ਼ਲੂਮ ਲੋਕਾਂ ਦੀ ਰੱਖਿਆ ਲਈ ਕੁਰਬਾਨੀਆਂ ਦਿੱਤੀਆਂ ਹਨ ਉਥੇ ਗੁਰੂ ਦੀ ਬਖ਼ਸ਼ੀ ਸਿੱਖੀ ਨੂੰ ਜਾਨ ਤੋਂ ਪਿਆਰੀ ਜਾਣਦਿਆਂ ਆਪਣੇ ਪ੍ਰਾਣਾਂ ਸੰਗ ਸਿੱਖੀ ਸਿੱਦਕ ਨਿਭਾਇਆ ਹੈ। ਇਸ ਮਹੀਨੇ ਅਜਿਹੇ ਹੀ ਦੋ ਲਾਸਾਨੀ ਸਿੱਖ ਸੂਰਬੀਰਾਂ ਦੀਆਂ ਸ਼ਹਾਦਤਾਂ ਦੇ ਦਿਹਾੜੇ ਆ ਰਹੇ ਹਨ। ਪਹਿਲਾ ਭਾਈ ਮਨੀ ਸਿੰਘ ਜੀ ਅਤੇ ਦੂਜਾ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ। ਇਨ੍ਹਾਂ ਦੋਵਾਂ ਸੂਰਬੀਰਾਂ ਦੀਆਂ ਸ਼ਹਾਦਤਾਂ ਅਜੋਕੇ ਗ਼ਫ਼ਲਤ ਭਰੇ ਦੌਰ ਵਿਚੋਂ ਗੁਜ਼ਰ ਰਹੇ ਸਿੱਖ ਪੰਥ ਦੇ ਕਾਰਵੇਂ ਨੂੰ ਨਵੇਂ ਰਾਹ ਦਿਖਾਉਣ ਦੇ ਸਮਰੱਥ ਹਨ। ਭਾਈ ਮਨੀ ਸਿੰਘ ਜੀ ਇਕ ਪ੍ਰਬੁੱਧ, ਚੇਤੰਨ ਵਿਦਵਾਨ, ਨਿਸ਼ਕਾਮ ਤੇ ਸਮਰਪਿਤ ਸਿੱਖ ਆਗੂ, ਸਿੱਖੀ ਸਿੱਦਕ ਨੂੰ ਨਿਭਾਉਣ ਵਾਲੇ ਸੂਰਬੀਰ ਸ਼ਹੀਦ ਹਨ, ਜਿਨ੍ਹਾਂ ਨੇ ਜਿਥੇ ਅਠ੍ਹਾਰਵੀਂ ਸਦੀ ਵਿਚ ਬਿਖੜੇ ਸਮਿਆਂ ਦੌਰਾਨ ਸਿੱਖ ਪੰਥ ਦੀ ਅਗਵਾਈ ਕਰਕੇ ਕੌਮ ਨੂੰ ਇਕ ਨਿਸ਼ਾਨ ਸਾਹਿਬ ਹੇਠਾਂ ਇਕੱਤਰ ਕਰਕੇ ਜਬਰ-ਜ਼ੁਲਮ ਦੇ ਖ਼ਿਲਾਫ਼ ਸੰਘਰਸ਼ ਨੂੰ ਜਾਰੀ ਰੱਖਣ ਦਾ ਉਦਮ ਕੀਤਾ ਸੀ। ਅਜੋਕੇ ਦਿਸ਼ਾਹੀਣ ਅਤੇ ਖ਼ੁਦਗਰਜ਼ ਹੋ ਚੁੱਕੇ ਸਿੱਖ ਸਿਆਸਤਦਾਨਾਂ ਨੂੰ ਭਾਈ ਮਨੀ ਸਿੰਘ ਜੀ ਦੇ ਜੀਵਨ ਅਤੇ ਸ਼ਹਾਦਤ ਤੋਂ ਰਾਹ ਲੈਣਾ ਚਾਹੀਦਾ ਹੈ। ਇਸੇ ਤਰ੍ਹਾਂ ਭਾਈ ਤਾਰੂ ਸਿੰਘ ਜੀ ਨੇ ਵੀ ਸਿੱਖੀ ਸਿੱਦਕ ਨੂੰ ਕੇਸਾਂ ਸੁਆਸਾਂ ਸੰਗ ਨਿਭਾਉਂਦਿਆਂ ਜਾਬਰ ਮੁਗ਼ਲ ਹਕੂਮਤ ਦੇ ਹਰ ਤਸ਼ੱਦਦ ਨੂੰ ਖਿੜ੍ਹੇ ਮੱਥੇ ਝੱਲਦਿਆਂ ਖੋਪਰ ਲੁਹਾਉਣਾ ਤਾਂ ਪਰਵਾਨ ਕਰ ਲਿਆ ਪਰ ਕੇਸ ਕਤਲ ਕਰਵਾਉਣ ਲਈ ਨਾ ਮੰਨੇ। ਕਿੱਥੇ ਅਠ੍ਹਾਰਵੀਂ ਸਦੀ ਦੇ ਉਹ ਸਿੱਖ, ਜਿਨ੍ਹਾਂ ਨੂੰ ਮੁਗ਼ਲ ਹਕੂਮਤ ਨੇ ਹਰ ਅਸਹਿ ਤੇ ਅਕਹਿ ਤਸ਼ੱਦਦ ਕਰਨ ਤੋਂ ਬਾਅਦ ਇਸਲਾਮ ਕਬੂਲ ਕਰਨ ਜਾਂ ਮੌਤ ਵਿਚੋਂ ਇਕ ਨੂੰ ਤਸਲੀਮ ਕਰਨ ਲਈ ਆਖਿਆ ਤਾਂ ਭਾਈ ਤਾਰੂ ਸਿੰਘ ਜੀ ਵਰਗੇ ਸਿੱਖਾਂ ਨੇ ਸ੍ਰੀ ਗੁਰੂ ਕਲਗ਼ੀਧਰ ਸਾਹਿਬ ਦੀ ਬਖ਼ਸ਼ੀ ਅਨਮੋਲ ਦਾਤ ਸਿੱਖੀ ਨਹੀਂ ਛੱਡੀ, ਸ਼ਹਾਦਤ ਦੇ ਰਾਹ ਨੂੰ ਹੱਸ ਕੇ ਪਰਵਾਨ ਕੀਤਾ। ਕਿਥੇ ਅੱਜ ਦੀ ਨਵੀਂ ਸਿੱਖ ਪੀੜ੍ਹੀ ਲੱਚਰ ਸੱਭਿਆਚਾਰ ਵਿਚ ਖਚਿਤ ਹੋ ਕੇ ਖ਼ੁਦ ਨਾਈਆਂ ਦੀਆਂ ਦੁਕਾਨਾਂ 'ਤੇ ਜਾ ਕੇ ਗੁਰੂ ਸਾਹਿਬ ਦੀ ਅਨਮੋਲ ਦਾਤ ਕੇਸਾਂ ਨੂੰ ਕਤਲ ਕਰਵਾ ਰਹੀ ਹੈ। ਨਵੀਂ ਪੀੜ੍ਹੀ ਨੂੰ ਭਾਈ ਤਾਰੂ ਸਿੰਘ ਜੀ ਦੇ ਸਿੱਖੀ ਸਿੱਦਕ ਅਤੇ ਸ਼ਹਾਦਤ ਤੋਂ ਰੌਸ਼ਨੀ ਲੈਂਦਿਆਂ ਸਿੱਖੀ ਵਿਚ ਪਰਪੱਕ ਹੋਣਾ ਚਾਹੀਦਾ ਹੈ। ਸਿੱਖ ਮਾਪਿਆਂ ਅਤੇ ਸਿੱਖ ਧਾਰਮਿਕ ਆਗੂਆਂ ਨੂੰ ਆਪਣੀ ਜ਼ਿੰਮੇਵਾਰੀ ਪਛਾਣਦਿਆਂ ਆਪਣੀ ਨਵੀਂ ਪਨੀਰੀ ਨੂੰ ਸਿੱਖੀ ਦੇ ਸ਼ਹਾਦਤਾਂ ਭਰੇ ਲਾਸਾਨੀ ਤੇ ਅਮੀਰ ਵਿਰਸੇ ਨਾਲ ਜੋੜਨ ਲਈ ਖ਼ੁਦ ਅੱਗੇ ਆਉਣਾ ਪਵੇਗਾ।

### ਬੇਨਤੀ

ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।

### ਚੰਦਾ

**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ

**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ

ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿਧ ਜਾਂ ਸਾਡੇ ਮੁੱਖ ਦਫ਼ਤਰ 'ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**

ਅੰਕ : ੭ ਸਾਲ : ੯ ਜੁਲਾਈ ੨੦੨੩

ਹਾੜ-ਸਾਵਣ, ੫੫੫ ਨਾਨਕਸ਼ਾਹੀ


# ਸੋ ਕਹੀਅਤ ਹੈ ਸੂਰਾ

**ਨਿਰੋਲ ਧਾਰਮਿਕ ਮਾਸਿਕ ਪੱਤਰ**

> "ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੇ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ ਮਾਤਰ ਭੀ ਪਾਰਸ ਰੂਪੀ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤਤਕਾਲ ਹੀ ਅਗਾਧ ਪਾਰਸ-ਕਲਾ ਵਰਤਾਉਣ ਨੂੰ ਸਮਰੱਥ ਹੈ।
>
> *ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*


'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।


## ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।


ਗੁਰਮਤਿ ਗੌਰਵਤਾ-੭੩ — 06
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸਿੱਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ ਹੈ — 07
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਹਠ ਜੋਗ ਦੇ ਮੁਕਾਬਲੇ ਸਹਜ ਜੋਗ — 11
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸੱਚਾ ਜੋਗ — 17
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਅਮਲੀ ਸਿੱਖ ਜੀਵਨ — 20
ਪ੍ਰੋ. ਪੂਰਨ ਸਿੰਘ ਜੀ

ਕੇਸ — 22
ਪ੍ਰੋ. ਪੂਰਨ ਸਿੰਘ ਜੀ

ਕੇਸਾਂ ਦੀ ਮਹੱਤਤਾ ਅਤੇ ਸੇਵਾ ਸੰਭਾਲ — 24
ਭਾਈ ਕੁਲਬੀਰ ਸਿੰਘ, ਟੋਰਾਂਟੋ

ਬੀਬੀ ਜਿਵਾਈ ਜੀ — 27

ਸਰਬੋਤਮ ਧਰਮ : ਖਾਲਸਾ ਪੰਥ — 24
ਮਦਨ ਸਿੰਘ ਬਰਮਿੰਘਮ (ਯੂ.ਕੇ.)

ਸ਼ਹੀਦ ਭਾਈ ਤਾਰੂ ਸਿੰਘ ਜੀ — 30

# ਸਾਵਣਿ ਸਰਸੀ ਕਾਮਣੀ

ਸਾਵਣਿਸਰਸੀਕਾਮਣੀਚਰਨਕਮਲਸਿਉਪਿਆਰੁ ॥
ਮਨੁਤਨੁਰਤਾਸਚਰੰਗਿਇਕੋਨਾਮੁਅਧਾਰੁ ॥
ਬਿਖਿਆਰੰਗਕੂੜਾਵਿਆਦਿਸਨਿਸਭੇਛਾਰੁ ॥
ਹਰਿਅੰਮ੍ਰਿਤਬੂੰਦਸੁਹਾਵਣੀਮਿਲਿਸਾਧੂਪੀਵਣਹਾਰੁ ॥
ਵਣੁਤਿਣੁਪ੍ਰਭਸੰਗਿਮਉਲਿਆਸੰਮ੍ਰਥਪੁਰਖਅਪਾਰੁ ॥
ਹਰਿਮਿਲਣੈਨੋਮਨੁਲੋਚਦਾਕਰਮਿਮਿਲਾਵਣਹਾਰੁ ॥
ਜਿਨੀਸਖੀਏਪ੍ਰਭੁਪਾਇਆਹੰਉਤਿਨਕੈਸਦਬਲਿਹਾਰ ॥
ਨਾਨਕਹਰਿਜੀਮਇਆਕਰਿਸਬਦਿਸਵਾਰਣਹਾਰੁ ॥
ਸਾਵਣੁਤਿਨਾਸੁਹਾਗਣੀਜਿਨਰਾਮਨਾਮੁਉਰਿਹਾਰੁ ॥੬॥ ( ॥੧੪॥੧॥)

(ਬਾਰਹ ਮਾਹਾ ਮਾਂਝ ਮਹਲਾ ੫)

## ਅਰਥ

ਜਿਵੇਂ ਸਾਵਣ ਵਿਚ (ਵਰਖਾ ਨਾਲ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ, ਤਿਵੇਂ ਉਹ) ਜੀਵ-ਇਸਤ੍ਰੀ ਹਰਿਆਵਲੀ ਹੋ ਜਾਂਦੀ ਹੈ (ਭਾਵ, ਉਸ ਜੀਵ ਦਾ ਹਿਰਦਾ ਖਿੜ ਪੈਂਦਾ ਹੈ) ਜਿਸ ਦਾ ਪਿਆਰ ਪ੍ਰਭੂ ਦੇ ਸੁਹਣੇ ਚਰਨਾਂ ਨਾਲ ਬਣ ਜਾਂਦਾ ਹੈ। ਉਸ ਦਾ ਮਨ ਉਸ ਦਾ ਤਨ ਪਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ, ਪਰਮਾਤਮਾ ਦਾ ਨਾਮ ਹੀ (ਉਸ ਦੀ ਜ਼ਿੰਦਗੀ ਦਾ) ਆਸਰਾ ਬਣ ਜਾਂਦਾ ਹੈ, ਮਾਇਆ ਦੇ ਨਾਸਵੰਤ ਕੌਤਕ ਉਸ ਨੂੰ ਸਾਰੇ ਸੁਆਹ (ਨਿਕੰਮੇ) ਦਿਸਦੇ ਹਨ। (ਸਾਵਣ ਵਿਚ ਜਿਵੇਂ ਵਰਖਾ ਦੀ ਬੂੰਦ ਸੋਹਣੀ ਲੱਗਦੀ ਹੈ, ਤਿਵੇਂ ਪ੍ਰਭੂ-ਚਰਨਾਂ ਦੇ ਪਿਆਰ ਵਾਲੇ ਬੰਦੇ ਨੂੰ) ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲੱਗਦੀ ਹੈ, ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਜੋਗਾ ਹੋ ਪੈਂਦਾ ਹੈ (ਪ੍ਰਭੂ ਦੀ ਵਡਿਆਈ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਭੀ ਉਸ ਨੂੰ ਮਿੱਠੀਆਂ ਲੱਗਦੀਆਂ ਹਨ, ਗੁਰੂ ਨੂੰ ਮਿਲ ਕੇ ਬੜੇ ਸ਼ੌਕ ਨਾਲ ਸੁਣਦਾ ਹੈ)।ਜਿਸ ਪ੍ਰਭੂ ਦੇ ਮੇਲ ਨਾਲ ਸਾਰਾ ਜਗਤ (ਬਨਸਪਤੀ ਆਦਿਕ) ਹਰਿਆ-ਭਰਿਆ ਹੋਇਆ ਹੈ, ਜੋ ਪ੍ਰਭੂ ਸਭ ਕੁਝ ਕਰਨ ਜੋਗਾ ਹੈ ਵਿਆਪਕ ਹੈ ਤੇ ਬੇਅੰਤ ਹੈ, ਉਸ ਨੂੰ ਮਿਲਣ ਵਾਸਤੇ ਮੇਰਾ ਮਨ ਭੀ ਤਾਂਘਦਾ ਹੈ, ਪਰ ਉਹ ਪ੍ਰਭੂ ਆਪ ਹੀ ਆਪਣੀ ਮਿਹਰ ਨਾਲ ਮਿਲਾਉਣ ਦੇ ਸਮਰੱਥ ਹੈ। ਮੈਂ ਉਹਨਾਂ ਗੁਰਮੁਖ ਸਹੇਲੀਆਂ ਤੋਂ ਸਦਕੇ ਹਾਂ, ਸਦਾ ਕੁਰਬਾਨ ਹਾਂ ਜਿਨ੍ਹਾਂ ਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ।ਹੇ ਨਾਨਕ! (ਬੇਨਤੀ ਕਰ ਤੇ ਆਖ—) ਹੇ ਪ੍ਰਭੂ! ਮੇਰੇ ਉਤੇ ਮਿਹਰ ਕਰ, ਤੂੰ ਆਪ ਹੀ ਗੁਰੂ ਦੇ ਸ਼ਬਦ ਦੀ ਰਾਹੀਂ (ਮੇਰੀ ਜਿੰਦ ਨੂੰ) ਸਵਾਰਨ ਜੋਗਾ ਹੈਂ।ਸਾਵਣ ਦਾ ਮਹੀਨਾ ਉਹਨਾਂ ਭਾਗਾਂ ਵਾਲੀਆਂ (ਜੀਵ-ਇਸਤ੍ਰੀਆਂ) ਵਾਸਤੇ (ਖੇੜਾ ਤੇ ਠੰਡ ਲਿਆਉਣ ਵਾਲਾ) ਹੈ ਜਿਨ੍ਹਾਂ ਨੇ ਆਪਣੇ ਹਿਰਦੇ (ਰੂਪ ਗਲ) ਵਿਚ ਪਰਮਾਤਮਾ ਦਾ ਨਾਮ (-ਰੂਪ) ਹਾਰ ਪਾਇਆ ਹੋਇਆ ਹੈ।੬। ▪▪

# ਗੁਰਮਤਿ ਸੱਚਾ ਤੇ ਸਦੀਵੀ ਧਰਮ

## ਅਰਥਾਤ

# ਗੁਰਮਤਿ ਗੌਰਵਤਾ -੧੩

## ਜਿਸ ਵਿਚ

# ਗੁਰਮਤਿ ਮੰਡਨ ਤੇ ਮਨਮਤਿ ਖੰਡਨ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...)

**੭੪. ਸਿੱਟਾ**

ਏਸ ਪੁਸਤਕ ਵਿਚ ਲਿਖੇ ਸਿਧਾਂਤ ਦਾ ਸਿੱਟਾ ਇਹ ਹੈ ਕਿ ਕਲਜੁਗ ਵਿਚ ਸਿਵਾਇ ਗੁਰਮਤਿ (ਖਾਲਸਾ ਧਰਮ) ਤੋਂ ਹੋਰ ਕਿਸੇ ਬੇਦੀ ਕਤੇਬੀ ਧਰਮਾਂ ਦੇ ਦੱਸੇ ਹੋਏ ਸਾਧਨ ਸਭ ਨਿਸਫਲ ਹਨ। ਕਲਜੁਗ ਵਿਚ ਉਧਾਰ ਨਿਸਤਾਰੇ ਦਾ ਸਾਰਾ ਪ੍ਰਬੰਧ ਗੁਰੂ ਨਾਨਕ ਸਾਹਿਬ ਦੇ ਸਪੁਰਦ ਹੈ। ਗੁਰੂ ਅਰਜਨ ਸਾਹਿਬ ਨੇ ਏਸ ਗੱਲ ਨੂੰ ਹੇਠ ਲਿਖੇ ਗੁਰਵਾਕ ਵਿਚ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਿਆ ਹੈ-

**ਕਲਿਜੁਗ ਉਧਾਰਿਆ ਗੁਰਦੇਵ ॥**
**ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ਰਹਾਉ ॥**
**ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ ॥**
**ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ ॥੨॥੪॥੫॥੧੪੦॥**
**(ਆਸਾ ਮ: ੫, ਪੰਨਾ: ੪੦੬)**



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਏਸ ਗੁਰਵਾਕ ਦਾ ਭਾਵ ਇਹ ਹੈ ਕਿ ਕਲਜੁਗ ਵਿਚ ਜੀਵਾਂ ਦਾ ਉਧਾਰ ਗੁਰੂ ਸਾਹਿਬ ਨੇ ਕੀਤਾ ਹੈ, ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਜਾਰੀ ਹੈ। ਮਹਾਂ ਅਪਵਿੱਤਰ ਤੇ ਅਗਿਆਨ ਦੇ ਕਾਰਨ ਮੂਰਖ ਬਣੇ ਹੋਏ ਲੋਕ ਸਭ ਅਕਾਲ ਪੁਰਖ ਦੀ ਸੇਵਾ ਵਲ ਲਗ ਗਏ ਤੇ ਇਹ ਸੇਵਾ ਤੇ ਭਗਤੀ ਭਾਵ ਦੀ ਲਹਿਰ ਏਥੋਂ ਤਕ ਵਧ ਗਈ ਕਿ ਧਰਮਰਾਜ ਏਸ ਕੌਤਕ ਨੂੰ ਦੇਖ ਕੇ ਹੈਰਾਨ ਹੋ ਗਿਆ ਕਿ ਸਾਰੀ ਸ੍ਰਿਸਟੀ ਸਤਿਗੁਰੂ ਦੇ ਪੈਰੀਂ ਆ ਪਈ, ਭਾਵ, ਸਭ ਨੇ ਸਤਿਗੁਰੂ ਦੀ ਸ਼ਰਨ ਲੈ ਕੇ ਸਿੱਖੀ ਦਾਨ ਪ੍ਰਾਪਤ ਕੀਤਾ। ਏਸ ਦਾ ਮੋਟਾ ਅਰਥ ਹੈ ਕਿ ਜੋ ਸਿਲਸਿਲਾ ਗੁਰੂ ਨਾਨਕ ਸਾਹਿਬ ਨੇ ਜੀਵਾਂ ਦੇ ਉਧਾਰ ਦਾ ਜਾਰੀ ਕੀਤਾ ਹੈ, ਇਹ ਮੁਕੰਮਲ ਉਦੋਂ ਹੋਣਾ ਹੈ ਜਦ ਸਾਰੀ ਸ੍ਰਿਸ਼ਟੀ ਨੇ ਉਧਰਨਾ ਹੈ। ਤੇ ਉਦੋਂ ਹੀ ਧਰਮਰਾਜ ਨੇ ਹੈਰਾਨ ਹੋਣਾ ਹੈ। ਇਹ ਸਮਾਂ ਜ਼ਰੂਰ ਆਉਣਾ ਹੈ, ਜਦੋਂ ਕਿ ਸਾਰੇ ਜਗਤ ਨੇ ਖਾਲਸਾ ਧਰਮ ਗ੍ਰਹਿਣ ਕਰ ਕੇ ਵਰੋਸਾਉਣਾ ਹੈ। ਇਸੇ ਗੱਲ ਨੂੰ ਹੇਠ ਲਿਖੇ ਗੁਰਵਾਕ ਵਿਚ ਇਉਂ ਦਰਸਾਇਆ ਹੈ-

ਕਲਜੁਗ ਵਿਚ ਜੀਵਾਂ ਦਾ ਉਧਾਰ ਗੁਰੂ ਸਾਹਿਬ ਨੇ ਕੀਤਾ ਹੈ, ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਜਾਰੀ ਹੈ। ਮਹਾਂ ਅਪਵਿੱਤਰ ਤੇ ਅਗਿਆਨ ਦੇ ਕਾਰਨ ਮੂਰਖ ਬਣੇ ਹੋਏ ਲੋਕ ਸਭ ਅਕਾਲ ਪੁਰਖ ਦੀ ਸੇਵਾ ਵਲ ਲਗ ਗਏ ਤੇ ਇਹ ਸੇਵਾ ਤੇ ਭਗਤੀ ਭਾਵ ਦੀ ਲਹਿਰ ਏਥੋਂ ਤਕ ਵਧ ਗਈ ਕਿ ਧਰਮਰਾਜ ਏਸ ਕੌਤਕ ਨੂੰ ਦੇਖ ਕੇ ਹੈਰਾਨ ਹੋ ਗਿਆ ਕਿ ਸਾਰੀ ਸ੍ਰਿਸਟੀ ਸਤਿਗੁਰੂ ਦੇ ਪੈਰੀਂ ਆ ਪਈ, ਭਾਵ, ਸਭ ਨੇ ਸਤਿਗੁਰੂ ਦੀ ਸ਼ਰਨ ਲੈ ਕੇ ਸਿੱਖੀ ਦਾਨ ਪ੍ਰਾਪਤ ਕੀਤਾ। ਏਸ ਦਾ ਮੋਟਾ ਅਰਥ ਹੈ ਕਿ ਜੋ ਸਿਲਸਿਲਾ ਗੁਰੂ ਨਾਨਕ ਸਾਹਿਬ ਨੇ ਜੀਵਾਂ ਦੇ ਉਧਾਰ ਦਾ ਜਾਰੀ ਕੀਤਾ ਹੈ, ਇਹ ਮੁਕੰਮਲ ਉਦੋਂ ਹੋਣਾ ਹੈ ਜਦ ਸਾਰੀ ਸ੍ਰਿਸ਼ਟੀ ਨੇ ਉਧਰਨਾ ਹੈ। ਤੇ ਉਦੋਂ ਹੀ ਧਰਮਰਾਜ ਨੇ ਹੈਰਾਨ ਹੋਣਾ ਹੈ।

**ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥**
**ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥੪॥੪॥**
**(ਬਿਲਾਵਲੁ ਮ: ੩, ਪੰਨਾ: ੭੯੭)**

ਭਾਵ-ਕਲਜੁਗ ਵਿਚ ਕੇਵਲ ਸਤਿਗੁਰ ਦੀ ਬਾਣੀ ਤੇ ਨਾਮ ਗੁਰਮੰਤਰ ਵਾਹਿਗੁਰੂ ਦੇ ਜਪਣ ਨਾਲ ਹੀ ਉਧਾਰ ਦਾ ਬਾਨ੍ਹਣੂ ਬਝ ਸਕਦਾ ਹੈ। ਏਸ ਸ਼ਬਦ ਦੀ ਵਿਆਖਿਆ ਪਿਛੇ ਹੋ ਚੁਕੀ ਹੈ, ਦੁਬਾਰਾ ਕਰਨ ਦੀ ਲੋੜ ਨਹੀਂ। ਮੁਕਦੀ ਗੱਲ ਇਹ ਕਿ ਕਲਜੁਗ ਵਿਚ ਗੁਰਮਤਿ ਹੀ ਸੱਚਾ ਤੇ ਸਦੀਵੀ ਕਲਿਆਣਕਾਰੀ ਧਰਮ ਹੈ, ਜਿਸ ਦਾ ਦੂਜਾ ਨਾਮ ਗੁਰੂ ਦਸਮ ਪਾਤਸ਼ਾਹ ਨੇ ਸੰਕੇਤ ਕੇ ਖਾਲਸਾ ਧਰਮ ਰਖਿਆ ਹੈ। ਅਗਲਾ ਗੁਰਵਾਕ ਇਸ ਦੀ ਚੰਗੀ ਤਰ੍ਹਾਂ ਵਿਆਖਿਆ ਕਰਦਾ ਹੈ।

(... ਬਾਕੀ ਅਗਲੇ ਅੰਕ 'ਚ)

# ਸਿੱਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ ਹੈ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਗੁਣ ਗ੍ਰਾਹਕ ਗੁਰਮੁਖ ਜਨਾਂ ਨੂੰ ਗੁਣਾਂ ਦੇ ਵਾਸਲੇ ਵਿਚੋਂ ਕੇਵਲ ਗੁਣਾਂ ਰੂਪੀ ਵਾਸ਼ਨਾ ਦੇ ਹੀ ਕਢ ਲੈਣ ਦੀ ਗਾਹਕੀ ਹੈ। ਗੁਣਾਂ ਰੂਪੀ ਵਾਸ਼ਨਾ ਦੇ ਭਉਰਿਆਂ ਨੂੰ ਸਿਰਫ਼ ਫੁੱਲਾਂ ਦੀ ਵਾਸ਼ਨਾ ਸੰਦੀ ਹੀ ਆਸ਼ਕੀ ਹੁੰਦੀ ਹੈ। ਗੁਰਮੁਖ ਗੁਣ-ਗ੍ਰਾਹਕਾਂ ਨੂੰ ਗੁਰਸਿੱਖ ਸੱਜਣਾਂ ਦੇ ਗੁਰਮਤਿ ਗੁਣਾਂ ਨਾਲ ਹੀ ਵਾਸਤਾ ਹੁੰਦਾ ਹੈ। ਗੁਰਮਤਿ ਗੁਣਾਂ ਦੀ ਸਾਂਝ ਕਰਿ ਹੀ ਗੁਰਸਿੱਖ, ਗੁਰਸਿਖਾਂ ਦੇ ਪ੍ਰਸਪਰ ਪ੍ਰੇਮੀ ਹੁੰਦੇ ਹਨ। ਉਹਨਾਂ ਨੂੰ ਗੁਰਸਿੱਖ ਮੀਤਾਂ ਸੱਜਣਾਂ ਦੇ ਗੁਣਾਂ ਦੀ ਹੀ ਪ੍ਰੀਤਿ-ਆਸ਼ਕੀ ਹੁੰਦੀ ਹੈ। ਇਸ ਗੁਣ-ਪ੍ਰੀਤੀ ਦੀ ਗੰਢ ਕਰਿ ਹੀ ਗੁਰਸਿੱਖ, ਗੁਰਸਿੱਖ ਦਾ ਸ਼ੈਦਾਈ ਹੁੰਦਾ ਹੈ। ਗੁਰਸਿੱਖ ਪ੍ਰੇਮ ਸ਼ੈਦਾਈਆਂ ਨੂੰ ਗੁਰਸਿੱਖੀ ਦੇ ਗੁਣਾਂ ਦੀ ਸਾਂਝ ਹੀ ਪ੍ਰਸਪਰ ਬਣੀ ਰਹਿੰਦੀ ਹੈ। ਗੁਰਸਿੱਖ ਪ੍ਰਸਪਰ ਮਿਲ ਕੇ ਪ੍ਰਸਪਰੀ ਗੁਣਾਂ ਦੀ ਸਾਂਝ ਹੀ ਸਦੀਵੀ ਪਾਈ ਰਖਦੇ ਹਨ।

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥**
**ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥**
**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥**
**ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥**
**ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥**
**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥**
**(ਰਾਗੁ ਸੂਹੀ ਛੰਤ ਮ.੧, ਪੰਨਾ : ੭੬੫-੬੬)**

ਵਾਹ! ਕਿਆ ਸੁੰਦਰ ਗੁਰ-ਸਿਖਸ਼ਾ ਭਰਿਆ ਗੁਰ-ਵਾਕ ਹੈ। ਗੁਣ ਗ੍ਰਾਹਕ ਗੁਰਮੁਖ ਜਨਾਂ ਨੂੰ ਗੁਣਾਂ ਦੇ ਵਾਸਲੇ ਵਿਚੋਂ ਕੇਵਲ ਗੁਣਾਂ ਰੂਪੀ ਵਾਸ਼ਨਾ ਦੇ ਹੀ ਕਢ ਲੈਣ ਦੀ ਗਾਹਕੀ ਹੈ। ਗੁਣਾਂ ਰੂਪੀ ਵਾਸ਼ਨਾ ਦੇ ਭਉਰਿਆਂ ਨੂੰ ਸਿਰਫ਼ ਫੁੱਲਾਂ ਦੀ ਵਾਸ਼ਨਾ ਸੰਦੀ ਹੀ ਆਸ਼ਕੀ ਹੁੰਦੀ ਹੈ। ਗੁਰਮੁਖ ਗੁਣ-ਗ੍ਰਾਹਕਾਂ ਨੂੰ ਗੁਰਸਿੱਖ ਸੱਜਣਾਂ ਦੇ ਗੁਰਮਤਿ ਗੁਣਾਂ ਨਾਲ ਹੀ ਵਾਸਤਾ ਹੁੰਦਾ ਹੈ। ਗੁਰਮਤਿ ਗੁਣਾਂ ਦੀ ਸਾਂਝ ਕਰਿ ਹੀ ਗੁਰਸਿੱਖ, ਗੁਰਸਿਖਾਂ ਦੇ ਪ੍ਰਸਪਰ ਪ੍ਰੇਮੀ ਹੁੰਦੇ ਹਨ। ਉਹਨਾਂ ਨੂੰ ਗੁਰਸਿੱਖ ਮੀਤਾਂ ਸੱਜਣਾਂ ਦੇ ਗੁਣਾਂ ਦੀ ਹੀ ਪ੍ਰੀਤਿ-ਆਸ਼ਕੀ ਹੁੰਦੀ ਹੈ। ਇਸ ਗੁਣ-ਪ੍ਰੀਤੀ ਦੀ ਗੰਢ ਕਰਿ ਹੀ ਗੁਰਸਿੱਖ, ਗੁਰਸਿੱਖ ਦਾ ਸ਼ੈਦਾਈ ਹੁੰਦਾ ਹੈ। ਗੁਰਸਿੱਖ ਪ੍ਰੇਮ ਸ਼ੈਦਾਈਆਂ ਨੂੰ ਗੁਰਸਿੱਖੀ ਦੇ ਗੁਣਾਂ ਦੀ ਸਾਂਝ ਹੀ ਪ੍ਰਸਪਰ ਬਣੀ ਰਹਿੰਦੀ ਹੈ। ਗੁਰਸਿੱਖ ਪ੍ਰਸਪਰ ਮਿਲ ਕੇ ਪ੍ਰਸਪਰੀ ਗੁਣਾਂ ਦੀ ਸਾਂਝ ਹੀ ਸਦੀਵੀ ਪਾਈ ਰਖਦੇ ਹਨ। "ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ " ਵਾਲੀ ਗੁਰਵਾਕ ਦੀ ਤੁਕ ਉਪਰ ਅਮਲ ਕਰਦੇ ਹੋਏ ਅਵੱਸ਼ ਅਗਲੀ ਤੁਕ ਦੀ ਅੰਦਰਲੀ ਗੁਣ-ਧਾਰਨਾ ਦੇ ਭੀ ਧਾਰਨੀ ਬਣਦੇ ਹਨ- "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥" ਵਾਹੁ ਕੈਸੀ ਉੱਤਮ ਗੁਰਮੱਤੜੀ! ਕੈਸੀ ਸੁਹਣੀ ਗੁਰ ਸਿੱਖਿਆ ਹੈ!! ਵਾਹੁ!! ਧੰਨ!! ਗੁਰਸਿੱਖਾਂ ਨੂੰ ਗੁਰਸਿਖਾਂ ਦੇ ਪ੍ਰਸਪਰੀ ਗੁਣਾਂ ਦੀ ਸਾਂਝ ਦਾ ਹੀ ਇਸ਼ਕ ਬਣਿਆ ਰਹਿੰਦਾ ਹੈ। ਉਹਨਾਂ ਨੂੰ ਇਕ ਦੂਜੇ ਦੇ ਅਉਗੁਣਾਂ ਨਾਲਿ ਕੋਈ ਵਾਸਤਾ ਨਹੀਂ ਹੁੰਦਾ। "ਛੋਡਿ ਅਵਗਣ ਚਲੀਐ" ਵਾਲੀ ਗੁਰਸਿੱਖੀ ਉੱਤੇ ਉਹਨਾਂ ਦਾ ਪੂਰਾ ਅਮਲ ਹੁੰਦਾ ਹੈ। ਕਿਸੇ ਦੇ ਅਉਗੁਣਾਂ ਨੂੰ ਨਾ ਚਿਤਾਰਨਾ, ਦੂਜੇ ਦੇ ਅਉਗਣਾਂ ਵਲ ਨਾ ਤੱਕਣਾ, ਜੇ ਤੱਕਣਾ ਤਾਂ ਵੇਖ ਕੇ ਅਣਡਿੱਠ ਕਰ ਦੇਣਾ, ਗੁਰਮੁਖ ਗੁਰਸਿੱਖਾਂ ਦਾ ਬਿਰਦ ਹੈ।

ਗੁਰਸਿੱਖਾਂ ਸੇਤੀ ਗੁਣਾਂ ਦੀ ਸਾਂਝ ਅਤੇ ਅਵਗੁਣਾਂ ਦਾ ਤਿਆਗ ਇਹ ਪ੍ਰਸਪਰ ਪਿਆਰ ਉਪਜਾਊ ਸੱਚਾ ਪ੍ਰੇਮ-ਨੁਸਖ਼ਾ ਹੈ, ਜਿਸ ਦੇ ਵਰਤਣ ਕਰਿ ਪ੍ਰੇਮ ਦੀ ਪੀਡੀ ਗੰਢ ਗੁਰਸਿਖਾਂ ਵਿਚਕਾਰ ਪਈ ਰਹਿੰਦੀ ਹੈ, ਜੋ ਕਦੇ ਨਹੀਂ ਟੁਟਦੀ। ਟੁਟੇ ਕਿਵੇਂ, ਨਾਮ ਦੀ ਆਕ੍ਰਖਣੀ ਤਾਰ-ਡੋਰੀ ਇਹ ਗੰਢ ਜੋੜੀ ਰਖਦੀ ਹੈ। ਗੁਰਮੁਖਿ ਨਾਮ-ਤਾਰ-ਪ੍ਰੋਤੇ ਹਿਰਦਿਆਂ ਅੰਦਰ ਇਕੋ ਜਲਵ-ਜਗੰਨ-ਜੋਤੀਸ਼ ਦੀ ਸਾਂਝੀ ਤਾਰ ਜੁ ਫਿਰੀ ਹੋਈ ਹੈ। ਸੱਚੀ ਸਾਂਝੀਵਾਲਤਾ ਦੀ ਇਹ ਨਾਮ-ਤਰਬ-ਤ੍ਰੰਗੀ-ਤਾਰ ਕਦੇ ਤੋੜੀ ਤੁਟਦੀ ਨਹੀਂ ਅਤੇ ਛੱਡੀ ਛੁੱਟਦੀ ਨਹੀਂ। ਨਾਮ ਅਭਿਆਸ ਕਮਾਈ ਤੋਂ ਸੱਖਣੇ ਜਗਿਆਸੂ ਜਨਾਂ ਦੇ ਹਿਰਦੇ, ਇਸ ਸਦ ਨਵਤਨ ਮਨ-ਵਿਗਾਸਨੀ ਤਾਰ ਤੋਂ ਸੁੰਞੇ ਹੋਣ ਕਰਿ ਸੱਚੇ ਪ੍ਰੇਮ ਪਿਆਰ ਤੋਂ ਵੀ ਵਾਂਞੇ ਰਹਿ ਜਾਂਦੇ ਹਨ।

**ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥**
**ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥**
**(ਵਾਰਾਂ ਤੇ ਵਧੀਕ, ਸਲੋਕ ਮ. ੪, ਪੰਨਾ : ੧੪੨੨)**

ਪਰ ਇਹ ਸੱਚਾ ਪ੍ਰੇਮ ਪਿਆਰੁ ਇਸ ਉਪਰਲੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਪੂਰੇ ਦੀ ਕਲਾ-ਕ੍ਰਿਸ਼ਮੀ-ਕਿਰਪਾ ਕਟਾਖਸ਼ ਦੁਆਰਾ ਹੀ ਪਾ ਸਕੀਦਾ ਹੈ। ਜਿਨ੍ਹਾਂ ਦੇ ਉਪਰ ਸਤਿਗੁਰ ਪੂਰੇ ਦੀ ਇਹ ਕਿਰਪਾ ਹੋ ਗਈ ਓਹਨਾਂ ਦੇ ਅੰਦਰੋਂ ਇਹ ਸੱਚਾ ਪ੍ਰੇਮ ਪਿਆਰ-ਰੰਗ "ਕਬਹੂ ਨ ਹੋਵੈ ਭੰਗੁ" ਕਦੇ ਭੰਗ ਨਹੀਂ ਹੋਵੇਗਾ। ਇਸ ਪ੍ਰੇਮ ਪਿਆਰ ਰੰਗ ਰਤੇ ਹੋਣ ਕਰਿ ਓਹਨਾਂ ਦੇ ਅੰਤਰਿ "ਹਰਿ ਗੁਣ ਗਾਈਐ"। ਪ੍ਰਸਪਰ ਹਰਿ ਗੁਣ ਗਾਉਣ, ਹਰਿ ਹਰਿ ਕੀਰਤਨ ਕਰਨ ਦਾ ਅਤਿ ਗੁਣ ਅਮਲ ਦਿਨੋ ਦਿਨ ਜਿਉਂ ਜਿਉਂ ਬਣਿਆ ਬਣਾਤਾ ਰਹੇਗਾ, ਤਿਉਂ ਤਿਉਂ ਓਹਨਾਂ ਗੁਰਸਿੱਖਾਂ, ਹਰਿ-ਗੁਣ-ਗਾਵਣਹਾਰਿਆਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਹਰਿਆ ਭਰਿਆ ਅਤੇ ਵਧਿਆ ਫਲਿਆ ਰਹੇਗਾ। ਗੁਰ ਸਤਿਗੁਰ ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਜਿਉਂ ਜਿਉਂ ਨਿੱਤ ਨਿਯਮ ਅਨੁਸਾਰ ਗੁਰੂ ਕੇ ਸਿਖ ਪ੍ਰਸਪਰ ਰਲ ਮਿਲ ਕੇ ਹਰਿ ਗੁਣ ਗਾਵਣਗੇ, ਜਿਉਂ ਜਿਉਂ ਨਾਮ ਅਭਿਆਸ ਦੀਆਂ ਕਮਾਈਆਂ ਕਰਨਗੇ, ਤਿਉਂ ਤਿਉਂ ਤਿਨ੍ਹਾਂ ਉਪਰ ਸਤਿਗੁਰੂ

ਦੀ ਕਿਰਪਾ ਦਾ ਕਟਾਖਸ਼ੜਾ ਦਿਨੋ ਦਿਨ ਵਧੇਰਾ ਖਿੜਦਾ ਰਹੇਗਾ ਅਤੇ ਤਿਨ੍ਹਾਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਦਿਨੋ ਦਿਨ ਗੂੜ੍ਹਾ ਅਤੇ ਅਤਿ ਰੰਗ ਰੂੜਾ ਹੁੰਦਾ ਜਾਏਗਾ। ਪਰ ਇਹ ਕਿਰਪਾ-ਕਟਾਖਸ਼ੀ ਗੁਰੂ ਮੇਹਰ ਤਿਨ੍ਹਾਂ ਜਨਾਂ ਪਰ ਹੀ ਹੋਵੇਗੀ ਜੋ ਗੁਰੂ ਦੀ ਆਗਿਆ ਸਤਿ ਸਤਿ ਕਰਿ ਮੰਨਣਗੇ। ਆਗਿਆਕਾਰੀ ਗੁਰਸਿੱਖਾਂ ਉਤੇ ਜ਼ਰੂਰ ਹੀ ਗੁਰੂ ਦੀ ਕਿਰਪਾ ਦਾ ਛਾਜ ਵਹਾਰ (ਅਮੁਕ ਵਹਾ) ਰਹੇਗਾ।

ਸਤਿਗੁਰੂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੱਚਾ ਹੁਕਮ ਹੈ : -

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥**

**ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥**

**(ਬਸੰਤੁ ਮ. ੫, ਹਿੰਡੋਲ, ਪੰਨਾ : ੧੧੮੫)**

ਗੁਰੂ ਸੱਚੇ ਪਾਤਸ਼ਾਹ ਦੇ ਇਸ ਸੱਚੇ ਹੁਕਮ ਅਨੁਸਾਰੀ ਤਾਮੀਲਦਾਰੀ ਹੁੰਦੇ ਹੋਏ ਜੋ ਗੁਰਸਿਖ ਕੀਰਤਨ-ਮੰਡਲ ਵਿਚ ਇਕੱਤਰ ਹੋਇ ਕੇ ਪ੍ਰਸਪਰੇ ਮਿਲ ਬੈਠਣ ਦਾ ਅਤੇ ਹਰਿਗੁਣ ਗਾਵਣ ਦਾ ਹੁਕਮ ਕਮਾਵੰਦੇ ਹਨ ਓਹਨਾਂ ਦੀ ਹਰਿ-ਕੀਰਤਨ-ਲਿਵਤਾਰ ਦੀ ਪਾਰਸ-ਕਲਾ ਦੁਆਰਾ ਦੁਬਿਧਾ ਦੂਰ ਹੋ ਜਾਂਦੀ ਹੈ। ਓਹਨਾਂ ਦੇ ਹਰਿ-ਕੀਰਤਨੀ-ਮੰਡਲ ਵਿਚ ਜੁੜਿ ਬੈਠਣਹਾਰਿਆਂ, ਹਰਿ-ਗੁਣ-ਲਿਵ-ਤਾਰੀਆਂ ਦੇ ਹਿਰਦਿਆਂ ਅੰਦਰ ਨਾਮ-ਕਿਰਨ-ਰਸ-ਜੋਤਿ ਦੀ ਸਾਂਝੀ ਤਾਰ ਫਿਰ ਜਾਂਦੀ ਹੈ ਅਤੇ ਇਹੀ ਕਿਰਨ-ਰਸ-ਜੋਤਿ-ਬੇਧਵੀਂ-ਸਾਂਝੀ ਤਾਰ ਸਗਲ ਹਰਿ ਜਨਾਂ ਦੇ ਘਟਾਂ ਅੰਦਰ ਜੋਤਿ ਜੁੜੰਨੀ ਅਤੇ ਤਰਬ ਤ੍ਰੰਗਨੀ ਹੋਣ ਕਰਿ ਸਭ ਨੂੰ ਹਰਿ ਨਾਮੇ ਦੇ ਜੋੜੀ, ਸੱਚੇ ਜੋੜੀ, ਸੱਚੀ ਜੋਤਿ-ਜੁੜੰਨੇ-ਜੋੜੀ ਬਣਾਇ ਦੇਂਦੀ ਹੈ। ਐਸੇ ਹਰਿ ਨਾਮੇ ਦੇ ਜੋੜੀ ਗੁਰਮੁਖ ਭਗਤ ਜਨ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰਿ ਸਫਾ ਵਿਛਾਇ ਕੈ ਬਹਿੰਦੇ ਹਨ, ਧੂੜੀ ਵਿਚ ਲੁਡੰਦੜੇ ਹੀ ਸੋਹੰਦੇ ਹਨ। ਇਕੋ ਸਫਾ ਵਿਚ, ਇਕ ਸਫ ਉਤੇ ਨਿਰਮਾਣ ਹੋ ਕੇ ਗੁਰੂ ਸਤਿਗੁਰੂ ਜੀ ਦੀ ਧੂੜ ਲਡਨੂਰੀ ਹਜ਼ੂਰੀ ਵਿਚਿ ਪ੍ਰਸਪਰ ਪ੍ਰੇਮ ਪਿਆਰ ਦਾ ਸੰਧੂਰ ਲਾਇ ਮੁਸਕਾਇ ਕੇ ਬਹਿੰਦੇ ਹਨ।

ਇਕੋ ਸੰਗਤ ਪੰਗਤ ਵਿਚ ਨੀਵੇਂ ਨਿਰਮਾਣ ਹੋ ਕੇ ਗੁਰੂ ਹਜ਼ੂਰੀ ਮਜਨ-ਧੂਰੀਆਂ ਅਤੇ ਨਾਮ ਰਸ ਸੰਧੂਰੀ ਗੁਰਮੁਖ ਰੂਹਾਂ ਨੂੰ, ਭਲਾ ਕੁਰਸੀ-ਨਸ਼ੀਨੀਆਂ ਦਾ ਕਮਲ ਅਤੇ ਚੁਧਰੰਮ ਬਫ਼ਰੰਮੀ ਰੋਗ ਕਾਹਨੂੰ ਸੁਖਾਉਂਦਾ ਸੋਹਾਉਂਦਾ ਹੈ। ਓਹ ਕੁਰਸੀਆਂ ਉਪਰ ਉਸਰਿ ਉਸਰਿ ਕੇ ਬੈਠਨ ਨਾਲੋਂ ਇਕੋ ਸਾਂਝੀ ਸਫਾ ਵਿਚਿ ਅਦਬ ਸਹਿਤ ਗੁਰੂ ਹਜ਼ੂਰੀ ਵਿਚ ਰਲ ਮਿਲ ਕੇ ਬੈਠਣਾ ਅਤੇ ਇਸ ਬਿਧ ਰਲ ਮਿਲ ਬੈਠ ਕੇ ਹਰਿ ਨਾਮੇ ਦੀ ਜੋੜੀ ਹੋਵਣਾ ਹੀ ਸਤਿਗੁਰੂ ਦੀ ਸੱਚੀ ਆਗਿਆ ਦਾ ਸੱਚਾ ਪਾਲਨ ਸਮਝਦੇ ਹਨ ਅਤੇ ਇਸ ਆਗਿਆ ਪਾਲਨ ਤੇ ਓਹਨਾਂ ਨੂੰ ਅਵੱਸ਼ ਸੱਚੇ ਰੰਗ ਲਗਦੇ ਹਨ। ਇਸ ਸੱਚੀ ਸਾਂਝੀਵਾਲਤਾ ਦੀ ਸੱਚੀ ਸਿਪਿਰਟ ਵਿਚ ਕੀਤੀ ਹੋਈ ਕੋਈ ਭੀ ਗੁਰੂ ਕੀ ਕਾਰ-ਸੇਵਾ ਆਪਣਾ ਰੰਗ ਲਿਆਏ ਬਿਨਾਂ ਆਹਲੀ ਨਹੀਂ ਜਾਂਦੀ। ਇਸ ਸੱਚੀ ਸਿਪਿਰਟ ਵਿਚ ਗੁਰੂ ਅਤੇ ਗੁਰੂ ਪੰਥ ਦੀ ਸੇਵਾ ਕਮਾਵਣਹਾਰਿਆਂ ਦਾ ਹਿਰਦਾ ਸਦਾ ਹੀ ਇਕ ਦੂਜੇ ਦੀ ਰੇਣ ਹੋਇ ਰਹਿਣ ਨੂੰ ਪਸੀਜਿਆ ਪਸਮਿਆ ਰਹਿੰਦਾ ਹੈ। ਉਹ ਇਕ ਦੂਜੇ ਦੇ ਅਉਗੁਣ ਚਿਤਾਰਦੇ ਹੀ ਨਹੀਂ। ਉਹਨਾਂ ਨੂੰ ਆਪਣੇ ਸਾਂਝੀਵਾਲ ਸੇਵਕ ਜਨ ਭਰਾਵਾਂ ਅੰਦਰ ਸਾਰੇ ਗੁਣ ਹੀ ਗੁਣ ਭਾਸਦੇ ਹਨ। ਸੱਚੀ ਪ੍ਰੀਤਿ ਦੀ ਸ਼ੁਭ ਨੀਸ਼ਾਨੀ ਇਹੀ ਹੈ। ਪ੍ਰੀਤਵਾਨ ਨੂੰ ਆਪਣੇ ਪ੍ਰੀਤਮ ਦੇ ਅਉਗਣ ਭੀ ਗੁਣ ਹੀ ਪ੍ਰਤੀਤ ਹੁੰਦੇ ਹਨ।

## ਅਕਾਲੀ ਲਹਿਰ ਦਾ ਸਮਾਂ ਤੇ ਗੁਣਾਂ ਦਾ ਪਿਆਰ-

ਏਸ ਸੱਚੇ ਪ੍ਰੀਤ ਪਿਆਰ ਦੀ ਸੱਚੀ ਝਲਕ ਦਾ ਨਜ਼ਾਰਾ ਗੁਰੂ ਪੰਥ ਦੇ ਸੇਵਕਾਂ ਅੰਦਰਿ ਅੱਜ ਤੋਂ ਦਸ ਗਿਆਰਾਂ ਸਾਲ ਪਹਿਲਾਂ (੧੯੨੬-੨੭ ਵਿਚ) ਕੈਸਾ ਚੜ੍ਹਦੀਆਂ ਕਲਾਂ ਵਿਚ ਰੰਗ ਦਿਖਾ ਰਿਹਾ ਸੀ। ਉਸ ਸਮੇਂ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਹੋਇ ਕੇ ਅਤੇ "ਸੁਣਿ ਮੀਤਾ ਧੂਰੀ ਕਉ ਬਲਿ ਜਾਈ॥" (ਸੋਰਠਿ ਮ.੫, ਪੰਨਾ : ੬੧੧-੧੨) ਦੇ ਆਸ਼ਕ ਹੋਇਕੈ ਅਸਾਡੇ ਪੰਥ-ਸੇਵਕ ਸੇਵਾ ਕਮਾਇ ਰਹੇ ਸਨ। ਓਹ ਆਪਣੇ ਸਜਣ ਮਿੱਤਰ ਗੁਰਸਿਖ ਭਰਾਵਾਂ ਦੇ ਸਦ ਗੁਣ ਹੀ ਸਦਾ ਦੇਖਦੇ ਚਿਤਾਰਦੇ ਅਤੇ ਸਤਿਕਾਰਦੇ ਸਨ। ਓਹਨਾਂ ਨੂੰ ਓਦੋਂ ਇਕ ਦੂਜੇ ਦੇ ਅਵਗੁਣ ਦੇਖਣ ਦਾ ਅਤੇ ਛਿੱਦਰ ਫੋਲਣ ਦਾ ਵਿਹਲ ਕੁਚਸਕਾ ਹੀ ਨਹੀਂ ਸੀ। ਓਹਨਾਂ ਦੀ ਗੁਰ-ਗੰਮ-ਗੁਣੀ-ਸੱਚੀ-ਸਾਂਝੀਵਾਲਤਾ ਤੋਂ ਉਪੰਨੀ ਨਿਰਮਾਣ ਸੇਵਾ ਆਪਣਾ ਅਲੌਕਿਕ ਰੰਗ ਲਿਆਈ ਅਤੇ ਫੇਰ ਭੀ ਲਿਆਵੇਗੀ। ਭਾਣੇ ਅੰਦਰ ਗੁਰੂ ਨੂੰ ਇਹ ਮਨਜ਼ੂਰ ਹੋਸੀ ਕਿ ਗੁਰਸਿਖ ਸੇਵਕ ਆਗੂਆਂ ਵਿਚ ਵੀ ਹਉਮੈ, ਕਾਂਪ-ਖਾ-ਗਈ-ਬਿਰਤੀ ਅੰਦਰ, ਰਾਈ ਮਾਤਰ ਰੋਗ ਭੀ ਨਾ ਰਹਿ ਜਾਵੇ। ਗੁਰੂ ਸੱਚੇ ਪਾਤਸ਼ਾਹ ਨੂੰ ਇਹ ਦੇਖਣਾ ਨਹੀਂ ਭਾਂਵਦਾ ਕਿ ਗੁਰੂ ਦੇ ਸਿੱਖਾਂ ਸੇਵਕਾਂ ਵਿਚ ਕਿਸੇ ਰੋਗ ਦੀ ਕਣੀ, ਕੋਈ ਖਾਮੀ, ਕਚਿਆਈ ਬਾਕੀ ਰਹਿ ਜਾਵੇ। ਹਉਮੈ ਬਫਣ-ਬਫ਼ਾਈ ਵਿਚ ਹੁਣ ਬਹੁਤ ਹੰਢਿਆ ਹੰਭਿਆ ਗਿਆ ਹੈ। ਹੁਣ ਜ਼ਰੂਰ ਸੁਰਤਿ ਪਰਤਣੀ ਚਾਹੀਏ, ਪਰ ਪਰਤੇਗੀ ਇਸ ਲੇਖ ਦੇ ਸਿਰਲੇਖ ਵਾਲੇ ਗੁਰਵਾਕ ਦੇ ਉਚ-ਭਾਵੀ ਪ੍ਰਭਾਵ ਹੇਠ। ਹਾਂ ਜੀ "ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ"। ਹਾਂ ਜੀ! ਫੇਰ ਪੜ੍ਹੋ "ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥" ਹਾਂ ਪਿਆਰੇ ਜੀ "ਛੋਡਿ ਅਵਗਣ ਚਲੀਐ"। ਵਾਹੁ ਵਾਹੁ ਕਿਆ ਸੋਹਣੀ ਗੁਰਵਾਕ ਚੇਤਾਵਨੀ ਚੇਤੇ ਆਈ ਹੈ : -

ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥

**ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ॥**

**ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ॥**

**ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ॥**

**ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ॥**

**ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥੨॥**

**(ਰਾਗੁ ਸੂਹੀ ਛੰਤ ਮ. ੧, ਪੰਨਾ : ੭੬੫)**

ਹਾਂ ਜੀ! ਹਉ ਬਲਿਹਾਰੀ! ਬਲਿਹਾਰੀ ਸਾਜਨਾ! ਬਲਿਹਾਰੀ! ਹਾਂ ਜੀ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ!! ਮੀਤਾ ਅਵਰੀਤਾ!! ਅਵਰੀਤਾ ਵਿਸੇਖ ਗੀਤਿ ਵਾਲੇ ਸ੍ਰੇਸ਼ਟ ਕਰਮੀ ਗੁਰਸਿੱਖ ਸੇਵਕ ਸਜਨ ਜਨ ਮੀਤ ਅਵਰੀਤ ਜਨਾਂ ਤੋਂ ਹਉ ਬਲਿਹਾਰੀ। ਹਾਂ ਜੀ ਸਾਨੂੰ ਤਾਂ ਓਹ ਜੇਲ੍ਹਿ ਬੈਠਿਆਂ ਭੀ, ਹਜ਼ਾਰੀ ਬਾਗ਼, ਰਾਜ ਮੰਦਰੀ, ਨਾਗ ਪੁਰ ਦੇ ਸੁਰਾਜ ਮੰਦਰਾਂ ਵਿਚ ਬੈਠਿਆਂ ਭੀ ਅਸਾਡੇ ਪੰਥ ਸੇਵਕ ਰਤਨ ਭੂਸ਼ਨਾਂ ਦੇ "ਸਗਲ ਗੁਣ ਅਵਗਣੁ ਨ ਕੋਈ" ਹੀ ਭਾਸਦੇ ਸਨ ਅਤੇ ਹੁਣ ਭੀ ਨਿਰੇ ਗੁਣ ਹੀ ਗੁਣ ਭਾਸ ਰਹੇ ਹਨ। ਆਹ! ਅਸਾਨੂੰ ਯਾਦ ਹੈ, ਦਾਸ ਅਤੇ ਦਾਸ ਦਾ ਸੱਚੜਾ ਸੁਹਿਰਦ ਵੀਰ ਭਾਈ ਕਰਤਾਰ ਸਿੰਘ ਕੈਨੇਡੀਅਨ ਚੰਦ ਨਿਵਾਸੀ ਕੋਈ ਜਾਣੇ ਨਾਗਪੁਰ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਬੈਠੇ ਦਰਜਨਾਂ ਵਰ੍ਹਿਆਂ ਦੇ ਦੂਰ-ਧਿਆਨੀ ਹੋਏ ਬੈਠੇ, ਕਿਸ ਹਸਰਤ, ਕਿਸ ਫ਼ਖ਼ਰ, ਕਿਸ ਸਨਮਾਨ ਭਰੇ ਚਾਉ ਨਾਲ ਆਪਣੇ ਦੂਲੇ ਪੰਥ ਦੇ, ਬਾਹਰ ਦੀ ਦੁਨੀਆ ਵਿਚ ਘਾਲਾਂ ਘਾਲ ਰਹੇ, ਪੰਥ ਦੁਲਾਰਿਆਂ ਦੀਆਂ ਕਮਲ ਜਮਾਲ ਕਰਨੀਆਂ ਨੂੰ ਵਿਚਾਰ ਵਿਚਾਰ ਵਿਗਸਦੇ ਹੁੰਦੇ ਸੀ ਅਤੇ ਅਸਾਡੇ ਦਿਲਾਂ ਦਿਮਾਗਾਂ ਅੰਦਰ ਹੁਣ ਤਾਈਂ ਭੀ ਓਹਨਾਂ ਕਮਲ ਜਮਾਲ ਕਰਨੀਆਂ ਦੀ ਖ਼ੁਸ਼ਬੋਈ ਸਮਾਈ ਪਈ ਹੈ। ਸਾਨੂੰ ਤਾਂ ਓਹਨਾਂ ਦੇ ਗੁਣ ਹੀ ਗੁਣ ਚੇਤੇ ਹਨ। ਅਸੀਂ ਹੈਰਾਨ ਹਾਂ ਕਿ ਅਸਾਡੇ ਉਕਤ ਕਮਲ ਕਮਾਲੀ ਭਰਾਵਾਂ ਦੇ

ਹਿਰਦਿਆਂ ਵਿਚ ਭੀ ਓਹੀ ਕਣੀ ਕਿਉਂ ਨਹੀਂ ਸਮਾਇ ਰਹੀ! ਪ੍ਰਸਪਰ ਇਕ ਦੂਜੇ ਦੇ ਗੁਣ ਕਿਉਂ ਨਹੀਂ ਦੇਖ ਰਹੇ! ਗੁਣਾਂ ਦੀ ਸਾਂਝ ਕਿਉਂ ਨਹੀਂ ਰੱਖ ਰਹੇ! "ਛੋਡਿ ਅਵਗਣ ਚਲੀਐ" ਵਾਲੀ ਗੁਰ-ਫੁਰਮਾਨ-ਦਰਸਾਈ ਕਰਨੀ ਕਿਉਂ ਨਹੀਂ ਕਮਾਇ ਰਹੇ! ਸਤਿਗੁਰੂ ਨੇ ਆਪਣੀ ਅਪਾਰ ਕਿਰਪਾ ਕਰਿ ਇਕ ਵਾਰ ਭੀ ਜਿਨ੍ਹਾਂ ਵਿਅਕਤੀਆਂ ਤੋਂ ਉਚ ਦਰਜੇ ਦੀ ਸੇਵਾ ਲਈ ਹੈ, ਓਹਨਾਂ ਤੋਂ ਦਾਸ ਦਾ ਇਹ ਹੀਅੜਾ ਵਾਰਨੇ ਬਲਿਹਾਰਨੇ ਜਾ ਰਹਿਆ ਹੈ। ਉਹਨਾਂ ਦੀਆਂ ਸੇਵਾ ਘਾਲਾਂ ਚੇਤੇ ਕਰਿ ਕਰਿ ਸਾਨੂੰ ਤਾਂ ਓਹਨਾਂ ਦੇ ਉਕਤ ਕਾਰਨਾਮੇ ਹੀ ਚਿਤਾਰਨੇ ਭਾਵੰਦੇ ਹਨ।

## ਅਉਗੁਣ ਨ ਚਿਤਾਰੋ-

**ਅਸੀਂ ਅਲਪੱਗ ਹਾਂ। ਭੁੱਲਾਂ ਅਸਾਡੇ ਸਾਰਿਆਂ ਵਿਚ ਹੀ ਹਨ-**

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥...॥੮॥੧੨॥**

**(ਸਿਰੀਰਾਗੁ ਮ. ੧, ਪੰਨਾ : ੬੧)**

**ਤਥਾ- ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥...॥੮॥੪॥**

**(ਪ੍ਰਭਾਤੀ ਮ. ੧, ਪੰਨਾ : ੧੩੪੪)**

ਗੁਰਵਾਕਾਂ ਅਨੁਸਾਰ ਗੁਰੂ ਕਰਤਾਰ ਤੋਂ ਛੁੱਟ ਅਸੀਂ ਸੱਭੇ ਹੀ ਭੁਲਣਹਾਰ ਹਾਂ। ਫੇਰ ਕਿਸੇ ਦੇ ਅਵਗੁਣ ਕਾਸਨੂੰ ਚਿਤਾਰੀਏ ? ਆਉ ਸਭਸ ਦੇ ਗੁਣ-ਚਿਤਾਰੀ-ਵਾਸ-ਭੰਵਰੇ ਹੀ ਬਣੀਏ। ਸਾਨੂੰ ਤਾਂ ਰਹਿ ਰਹਿ ਕੇ ਅਸਾਡੀ ਪੰਥ-ਫੁਲਵਾੜੀ ਦੇ ਫੁੱਲਾਂ ਦੀ ਮਹਿਕ ਹੀ ਮਹਿਕ ਚੇਤੇ ਆ ਰਹੀ ਹੈ।

ਸਭ ਤੋਂ ਪਹਿਲੇ ਅਸਾਡੇ ਪੁਰਾਤਨੀ ਕਮਲ ਕਮਾਲ ਭੰਵਰੇ ਸਰਦਾਰ ਹਰਚੰਦ ਸਿੰਘ ਜੀ ਲਾਇਲਪੁਰੀ ਅਸਾਡੀ ਪ੍ਰੀਤ-ਯਾਦਗਾਰੀ ਸਫ ਵਿਚ ਆਇ ਸਸ਼ੋਭਤ ਹੋਏ ਹਨ। ੧੯੧੪ ਤੋਂ ਪਹਿਲਾਂ ਨਵ-ਜਾਗ੍ਰਤੀ-ਲਹਿਰ ਦਾ ਤੋਰਾ ਓਦੋਂ ਹੀ ਅਤੇ ਉਹਨਾਂ ਤੋਂ ਹੀ ਤੁਰਿਆ। ਅਸਾਨੂੰ ਤਾਂ ਉਹਨਾਂ ਦੀ ਕੁਰਬਾਨੀ ਹੀ ਕੁਰਬਾਨੀ ਚੇਤੇ ਹੈ। ਦਿਲ-ਜਾਨੀਆਂ ਦੀਆਂ ਦਿਲਜਾਨੀਆਂ ਹੀ ਚੇਤੇ ਹੋਣੀਆਂ ਹੋਈਆਂ।

ਓਸੇ ਸਫ਼ ਵਿਚ ਆਣ ਬੈਠੇ ਓਦੋਂ ਦੇ ਹੀ ਉਨ੍ਹਾਂ ਦੇ ਨਾਲ ਲਗਵੇਂ ਅਤੇ ਅਸਾਡੇ ਸੰਗੀ ਸਾਥੀ ਗੁਰਦਵਾਰਾ ਰਕਾਬ ਗੰਜ ਐਜੀਟੇਸ਼ਨ ਦੇ ਸਾਂਝੀਵਾਲਾਂ ਵਿਚੋਂ ਪੁਰਾਤਨ ਪੰਥ ਦਰਦੀ ਅਸਾਡੇ ਨਵਤਨ ਬਾਲੜੇ ਬੀਰ ਵੀਰ ਤਾਰਾ ਸਿੰਘ ਜੀ (ਮਾਸਟਰ), ਜੋ ਉਦੋਂ ਤੋਂ ਭੀ ਦੋ ਚਾਰ ਸਾਲ ਪਹਿਲਾਂ ਦੇ ਹੀ ਲਗਾਤਾਰ ਹੁਣ ਤਕ ਹਮਾ-ਤਨ ਹੋਇ ਪੰਥ ਸੇਵਾ ਦੀਆਂ ਘਾਲਾਂ ਘਾਲ ਰਹੇ ਹਨ। ਸਾਨੂੰ ਇਸ ਵੀਰ ਦੀ ਅਥੱਕ ਕੁਰਬਾਨੀ ਹੀ ਕੁਰਬਾਨੀ ਚੇਤੇ ਆ ਰਹੀ ਹੈ ਅਤੇ ਅਸਾਡੇ ਹਿਰਦਿਆਂ ਵਿਚ ਇਸ ਕੁਰਬਾਨੀ ਦਾ ਅਤੁਟ ਸਨਮਾਨ ਜਮਾਇ ਰਹਿਆ ਹੈ।

ਓਦੋਂ ਹੀ ਐਨ ਉਸ ਸਮੇਂ ਸਰਦਾਰ ਹਰਚੰਦ ਸਿੰਘ ਦੀ ਸੱਜੀ ਬਾਂਹ ਪੰਥ ਦੇ ਗੁਝੇ ਲਾਲ ਗੁਰਪੁਰ ਨਿਵਾਸੀ ਸ੍ਰੀ ਯੁਤ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਪੰਥ ਕੁਰਬਾਨੀ ਦੀ ਕਰਬਲਾ ਵਿਚ ਆਣ ਚਮਕੇ। ਇਹ ਨਿਰੋਲ ਨਿਰਮਾਣ ਨਿਸ਼ਕਾਮ ਕਰਨੀਆਂ ਪੰਥ ਲਈ ਖ਼ਾਸ ਫ਼ਖ਼ਰ ਦਾ ਕਾਰਨ ਹਨ। ਭਾਵੇਂ ਉਹ ਪੰਥ ਅਤੇ ਦੇਸ ਦੀ ਕੁਰਬਾਨੀ ਵਾਲੇ ਹਵਨ-ਕੁੰਡ ਵਿਚਿ ਆਪਣੀ ਆਹੂਤੀ ਦੇ ਕੇ ਕਈ ਸਾਲਾਂ ਤੋਂ ਗੁਰਪੁਰੀ ਨੂੰ ਪਧਾਰ ਚੁਕੇ ਹਨ, ਪਰ ਓਹਨਾਂ ਦੀ ਅਦੁੱਤੀ ਯਾਦਗਾਰ ਕਦੇ ਭੀ ਨਹੀਂ ਵਿਸਾਰੀ ਜਾ ਸਕਦੀ।

ਓਦੋਂ ਦੀ ਹੀ ਇਹਨਾਂ ਉਪਰਲਿਆਂ ਪੰਥ-ਪਰਵਾਨਿਆਂ ਦੇ ਨਾਲ ਲਗਵੀਂ ਹੀ ਸਰਦਾਰ ਸੁੰਦਰ ਸਿੰਘ ਜੀ ਲਾਇਲਪੁਰੀ ਦੀ ਯਾਦ-ਆਵਰੀ ਕੁਛ ਘਟ ਦਿਲ ਮੋਹਣੀ ਤਾਂ ਨਹੀਂ। ਓਦੋਂ ਦੀਆਂ ਵੀਰ ਸੁੰਦਰ ਸਿੰਘ ਲਾਇਲਪੁਰੀ ਦੀਆਂ ਦਲੇਰੀਆਂ ਅਤੇ ਨਿਰਭੈ ਭਬਕਾਂ ਅਤੇ ਨਿੱਗਰ ਕਾਰਨਾਮਿਆਂ ਨੇ ਹੀ ਅਕਾਲੀ ਲਹਿਰ ਦੇ ਪਹੁ-ਫੁਟਾਲੇ ਵਿਚ ਅਦੁੱਤੀ ਪੰਥ-ਦੂਲਿਆਂ ਦੇ ਨਾਲ ਮਿਲ ਕੇ ਪਹਿਲ ਕੀਤੀ ਸੀ ਅਤੇ ਖਾਸੇ ਚਿਰ ਤਕ ਡਟੇ ਰਹੇ। ਓਹਨਾਂ ਦੀਆਂ ਬੜੀਆਂ ਬੜੀਆਂ ਪੰਥ ਅਤੇ ਦੇਸ ਸੇਵਾ ਦੀਆਂ ਕਾਰ-ਗੁਜ਼ਾਰੀਆਂ ਅਸਾਡੇ ਚੇਤੇ ਹਨ। ਪਰ ਏਥੇ ਵਿਥਾਰ ਕੀ ਕਰਨਾ ਹੈ; ਲੇਖ ਵਧ ਜਾਇਗਾ। ਗੁਰੂ ਨੇ ਹੀ ਪ੍ਰੇਰ ਕੇ ਇਹ ਸੇਵਾ ਓਹਨਾਂ ਤੋਂ ਕਰਾਈ, ਭੁਲ-ਭੁਲਈਆਂ ਦਿਲਾਵਣਹਾਰਾ ਆਪੇ ਹੀ ਓਹਨਾਂ ਨੂੰ ਭਾਣੇ ਅੰਦਰ ਫੇਰ ਪੰਥਕ ਮੈਦਾਨ ਵਿਚ ਲੈ ਆਵੇਗਾ।

ਏਹਨਾਂ ਦੇ ਨਾਲ ਲਗਦੇ ਹੀ ਪੰਥ ਅਤੇ ਦੇਸ ਸੇਵਾ ਦੀ ਅਤੇ ਕਾਹਲੀ ਆਸ਼ਕੀ ਵਾਲੇ ਅਨਿੰਨ ਪਰਵਾਰੇ ਉਪਜੇ ਤਾਂ ਅਸਾਡੇ ਸ਼ੇਰ ਦਿਲ ਦੀਆਂ ਭਬਕਾਂ ਨੂੰ ਭੀ ਮਾਤ ਕਰਨਹਾਰੇ ਫ਼ਖ਼ਰੇ ਕੌਮ ਮਾਸਟਰ ਮੋਤਾ ਸਿੰਘ ਜੀ ਅਨੰਦਪੁਰੀ ਅਕਾਲੀ ਉਪਜੇ, ਜਿਨ੍ਹਾਂ ਨੇ ਆਪਣੀ ਕੁਰਬਾਨੀ ਦਾ ਮੁੱਢ ਅਸਾਡੇ ਨਾਲ ਹੀ ਗੁਰਦਵਾਰਾ ਰਕਾਬ ਗੰਜ ਦੀ ਸੇਵਾ ਤੋਂ ਬੰਨ੍ਹਿਆ। ਉਸ ਸਮੇਂ ਦੇ ਇਕੋ ਇਕ ਉਘੇ ਪੰਥ ਅਖਬਾਰ 'ਖਾਲਸਾ ਅਖਬਾਰ' ਦੀ ਅਰੰਭਕ ਧੜੱਲੇਦਾਰ ਐਡੀਟਰੀ ਦੀ ਧਾਂਕ ਪਾਈ, ਤਾਂ ਮਾਸਟਰ ਮੋਤਾ ਸਿੰਘ ਜੀ ਨੇ ਪਾਈ। ਪਿਛੋਂ ਮਾਰਸ਼ਲ-ਲਾ ਦੇ ਸਮੇਂ ਪੰਥ ਦੀ ਰਖ ਵਿਖਾਈ ਤਾਂ ਇਸੇ ਮੁਕਟ ਮੋਤੀਸ਼ਰ ਨੇ ਰਖ ਵਿਖਾਈ। ਫੇਰ ਸਤਿਗੁਰੂ ਨੇ ਏਸ ਜੰਗ ਬਹਾਦਰ ਨੂੰ ਪ੍ਰੇਰ ਕੇ ੧੯੧੪ ਵਾਲੇ ਸ਼ਹੀਦਾਂ ਅਤੇ ਉਮਰ ਕੈਦੀਆਂ ਦੀਆਂ ਕਰਨੀਆਂ ਉਤੇ ਫੁੱਲ ਚੜ੍ਹਾਇ ਕੇ ਦੇਸ ਅਤੇ ਕੌਮ ਨੂੰ ਆਪਣੀ ਗਰਜਵੀਂ ਅਵਾਜ਼ ਨਾਲਿ ਹਲੂਣਿਆ ਅਤੇ ਆਪ ਖ਼ੁਦ ਅਗਿਣਤ ਕਾਰਨਾਮਿਆਂ ਕਰਿ ਬੜੇ ਤਸੀਹੇ ਸਹੇ ਅਤੇ ਜਫਰ ਜਾਲੇ, ਜਿਨ੍ਹਾਂ ਦੀ ਦਾਸਤਾਨ ਅਸਾਡੇ ਹਿਰਦੇ ਉਤੇ ਅਤਿ ਉੱਚ ਜ਼ਿਕਰੇ ਖ਼ੈਰ ਨਾਲ ਉੱਕਰੀ ਪਈ ਹੈ। ਸਤਿਗੁਰੂ ਨੇ ਹੀ ਇਸ ਵਿਅਕਤੀ ਵਿਖੇ ਇਹ ਅਮਿਤ ਬਲ ਪ੍ਰਦਾਨ ਕਰ ਕੇ ਅਟੁਟ ਕੁਰਬਾਨੀਆਂ ਕਰਾਈਆਂ। ਗੁਰੂ ਬਰਕਤਾਂ ਤੇ ਗੁਣ ਹੀ ਗੁਣ ਅਸਾਡੇ ਚੇਤੇ ਹਨ ਅਤੇ ਇਹੋ ਕਹਿਣੇ ਚਾਹੀਏ।

ਪੁਰਾਤਨ ਪਾਰਗਰਾਮੀ ਸੌ ਸਾਖੀਆਂ ਅੰਦਰ ਬਿਦਤਾਏ "ਮੇਰੋ ਇਕ ਵਣਜਾਰੋ ਸਿੱਖ" ਸ੍ਰੀ ਮਾਨ ਪ੍ਰਸਿਧ ਬਾਬਾ ਗੁਰਦਿਤ ਸਿੰਘ ਜੀ ਦੀਆਂ ਸ਼ੁਭ ਕਰਨੀਆਂ ਦਾ ਚੇਤਾ ਭੀ ਸਾਨੂੰ ਵਿਗਸਾਇ ਫੁਲਾਇ ਰਿਹਾ ਹੈ।

ਅਸਾਡੀ ਲੰਬੀ ਜੇਲ੍ਹ ਯਾਤਰਾ ਦੇ ਸਮੇਂ ਅੰਦਰ ਫੇਰ ਅਨੇਕਾਂ ਹੀ ਇਕ ਦੂੰ ਇਕ ਚੜ੍ਹਦੀਆਂ ਕੁਰਬਾਨੀਆਂ-ਪੁੰਜ ਪੰਥਕ ਹਸਤੀਆਂ ਉਪਜੀਆਂ, ਜਿਨ੍ਹਾਂ ਦਾ ਟੂਕ ਮਾਤਰ ਰਮਜ਼ ਚੇਤਾਵਨੀ ਏਥੇ ਚਿਤਾਰਨੀ ਕਾਫ਼ੀ ਹੋਊ। ਹਜ਼ਾਰੀ ਬਾਗ ਦੀ ਜੇਲ੍ਹ ਅੰਦਰ ਸਾਨੂੰ ਸਭ ਤੋਂ ਪਹਿਲਾਂ ਮੁਖੀ ਪੰਥ ਨਵ ਯੁਵਕਾਂ ਵਿਚੋਂ ਗਿਆਨੀ ਸਰਦੂਲ ਸਿੰਘ ਕਵੀਸ਼ਰ ਦਾ ਉਘਾ ਨਾਉਂ ਵਿਦਮਾਨ ਹੋਇਆ। ਇਹਨਾਂ ਨੇ ਹੰਭਲਾ ਮਾਰ ਕੇ ਅਤੇ ਪੁਰਾਤਨ ਬਹਾਦਰ ਸਿੰਘਾਂ ਵਾਲਾ ਮਾਰਗ ਵਿਖਾ ਕੇ ਗੁਰਦਵਾਰਾ ਰਕਾਬ ਗੰਜ ਦੀ ਰਹਿੰਦੀ ਸੇਵਾ ਨੂੰ ਸਰਅੰਜਾਮ ਦਿੱਤਾ। ਓਹਨਾਂ ਦੀ ਲਿਖਤੀ ਇਕ ਕਿਤਾਬ ਅਸਾਨੂੰ ਪਹਿਲੇ ਪਹਿਲ ਜੇਲ੍ਹ ਵਿਚ ਮਿਲੀ, ਜਿਸ ਤੋਂ ਅਸਾਨੂੰ "ਸ੍ਰੀ ਨਨਕਾਣੇ ਸਾਹਿਬ" ਦੇ ਸਾਕੇ ਦਾ ਸਮਾਚਾਰ ਮਿਲਿਆ।

ਨਾਲ ਲਗਵੇਂ ਹੀ ਵੀਰ ਹੀਰਾ ਸਿੰਘ ਜੀ ਦਰਦ ਰਚਿਤ "ਦਰਦ ਸੁਨੇਹੇ' ਸਾਨੂੰ ਦੂਰ ਦਰਾਜ਼ ਬੈਠਿਆਂ ਨੂੰ ਮਿਲੇ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਦਰਦਨਾਕ ਸਾਕੇ ਦੀ ਤਸਵੀਰ ਅਸਾਡੇ ਸਾਹਮਣੇ ਖੜੀ ਹੋ ਗਈ। ਸ਼ਹੀਦ ਲਛਮਣ ਸਿੰਘ, ਦਲੀਪ ਸਿੰਘ ਅਤੇ ਸਮੂਹ ਸ਼ਹੀਦਾਂ ਦੀਆਂ ਸ਼ਹੀਦੀਆਂ ਅਸਾਡੀਆਂ ਦਿਲ ਦੀਆਂ ਤਖ਼ਤੀਆਂ ਉਤੇ ਅੰਕਰਾਈਆਂ ਤਾਂ ਏਹਨਾਂ ਵੀਰਾਂ ਹੀ ਅੰਕਰਾਈਆਂ। ਏਹਨਾਂ ਦੋਹਾਂ ਵੀਰਾਂ ਦੀ ਉਘੀ ਪੰਥ ਅਤੇ ਦੇਸ਼ ਸੇਵਾ ਕਦੇ ਭੀ ਅਖੀਓਂ ਓਹਲੇ ਨਹੀਂ ਕੀਤੀ ਜਾ ਸਕਦੀ। ਬਲਕਿ ਉਸ ਦੀ ਯਾਦ ਮਾਤ੍ਰ ਹੀ ਹਿਰਦਿਆਂ ਨੂੰ ਤਰੋ ਤਾਜ਼ਾ ਕਰ ਰਹੀ ਹੈ।

ਹਜ਼ਾਰੀ ਬਾਗ਼ ਜੇਲ੍ਹ ਵਿਚੋਂ ਰਾਜ ਮੰਦਰੀ ਜੇਲ੍ਹ ਦਾ ਚਲਾਣ ਹੋਣ ਸਮੇਂ ਕਈਆਂ ਸਾਲਾਂ ਪਿਛੋਂ ਅਸਾਨੂੰ ਬਾਹਰਲੀ ਹਵਾ ਲਗੀ। ਤਾਂ ਅਸਾਨੂੰ ਪੰਥਕ ਕਾਰਨਾਮਿਆਂ ਦੀਆਂ ਬੇਅੰਤ ਹੀ ਪਵਨ ਝਕੋਲੀਆਂ ਸੁਗੰਧਾਂ ਆਈਆਂ। ਹੁਣ ਤਾਂ ਅਸਾਨੂੰ ਪੰਥਕ ਅਖਬਾਰਾਂ ਦੀਆਂ ਭੀ ਉਡੰਤ ਆਗਮਨੀਆਂ ਹੋਣ ਲਗ ਪਈਆਂ। ਪੰਥ ਨਵਲ, ਨਵਲ ਪੰਥ ਸੇਵਕਾਂ ਦੇ ਨਾਉਂ ਅਤੇ ਓਹਨਾਂ ਦੀਆਂ ਅਦੁਤੀ ਕੁਰਬਾਨੀਆਂ ਦੀ ਸੋਇ ਸੁਣਿ ਸੁਣਿ ਕੇ ਹੀ ਕ੍ਰਿਤ ਕ੍ਰਿਤ ਹੋਇ ਜਾਂਦੇ ਰਹੇ।

ਸਰਦਾਰ ਖੜਕ ਸਿੰਘ ਦਾ ਨਾਮ ਭੀ ਅਸਾਨੂੰ ਰਾਜ ਮੰਦਰੀ ਜਾ ਕੇ ਵਿਦਤ ਹੋਇਆ। ਜਿਸ ਜੁੜਵੇਂ ਪਿਆਰ ਸਤਿਕਾਰ ਨਾਲ ਸਰਦਾਰ ਖੜਕ ਸਿੰਘ ਜੀ ਅਤੇ ਮਾਸਟਰ ਤਾਰਾ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਅਤੇ ਗਿਆਨੀ ਸ਼ੇਰ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ ਅਤੇ ਸ. ਮੰਗਲ ਸਿੰਘ ਜੀ, ਸਰਦਾਰ ਮੰਗਲ ਸਿੰਘ ਜੀ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ, ਸਰਦਾਰ ਮਹਿਤਾਬ ਸਿੰਘ ਜੀ ਅਤੇ ਪੰਥ ਦੇ ਪ੍ਰਸਿੱਧ ਤੇ ਨਿਰਭੈ ਯੋਧੇ ਝਬਾਲ ਬ੍ਰਾਦਰਜ਼ ਸ੍ਰੀ ਯੁਤ ਸਰਦਾਰ ਅਮਰ ਸਿੰਘ ਜੀ ਸਾਹਿਬ, ਸਰਦਾਰ ਸਰਮੁਖ ਸਿੰਘ ਜੀ ਅਤੇ ਸਰਦਾਰ ਜਸਵੰਤ ਸਿੰਘ ਜੀ ਸਾਹਿਬਾਨ ਪ੍ਰਸਪਰ ਮਿਲ ਕੇ ਅਤੇ ਇਕ ਜਾਨ ਹੋ ਕੇ ਪੰਥ ਸੇਵਾ ਵਿਖੇ ਜੁਟੇ ਰਹਿੰਦੇ ਸਨ, ਓਹ ਦਿਵਸ ਪੰਥ ਦੇ ਸੁਨਹਿਰੀ ਇਤਿਹਾਸ-ਪਤਰਿਆਂ-ਪੂਰਤ ਹੈ। ਓਦੋਂ ਕੋਈ ਕਿਸੇ ਦੀ ਤਤੀ ਵਾਉ ਭੀ ਸਹਾਰਨ ਦਾ ਰਵਾਦਾਰ ਨਹੀਂ ਸੀ ਹੁੰਦਾ।

ਪਿਆਰੇ ਵੀਰਨੋ! ਗੁਰ ਤੁੱਠੇ ਸੱਚੇ ਪਾਤਸ਼ਾਹ ਨੇ ਤੁਸਾਡੇ ਪਾਸੋਂ ਵਧ ਤੋਂ ਵਧ ਪੰਥ ਦੀਆਂ ਖ਼ਿਦਮਤਾਂ ਲਈਆਂ ਹਨ। ਅਸਾਡੀ ਅਰਦਾਸ ਹੈ ਕਿ ਤੁੱਠਾ ਸਾਹਿਬ ਤੁਸਾਡੀਆਂ ਉਕਤ ਖ਼ਿਦਮਤਾਂ ਦਾ ਸਿਲਾ ਤੁਸਾਨੂੰ ਇਹੋ ਬਖਸ਼ੇ ਕਿ ਤੁਸਾਡੇ ਅੰਦਰ ਪ੍ਰਸਪਰ ਓਹੋ ਪਿਆਰ-ਕਣੀ ਪ੍ਰਵੇਸ਼ ਹੋਵੇ ਤੇ ਤੁਸਾਡੀਆਂ ਮਤਸਰਾਂ ਅਤੇ ਸ਼ਕਰ-ਰੰਜੀਆਂ ਦਾ ਵਿਨਾਸ ਹੋਵੇ।

**ਪੰਥ ਦੀ ਚੜ੍ਹਦੀ ਕਲਾ ਕਦੋਂ ਹੋਣੀ ਹੈ?**

ਗੁਰੂ ਨੇ ਆਪਣੇ ਪੰਥ ਦੀ ਚੜ੍ਹਦੀ ਕਲਾ ਜ਼ਰੂਰ ਰਖਣੀ ਹੈ, ਅਰ "ਨਾਨਕ ਨਾਮ ਚੜ੍ਹਦੀ ਕਲਾ" ਵਾਲਾ ਹੁਲਾਰਾ ਜਦੋਂ ਕਦੀ ਵੱਜਿਆ ਹੈ ਅਤੇ ਵਜਣਾ ਹੈ ਤਾਂ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਦੁਆਰਾ ਹੀ ਵਜਿਆ ਹੈ ਤੇ ਵਜਣਾ ਹੈ। ਨਾਮ ਦੁਆਰਾ ਹੀ ਚੜ੍ਹਦੀ ਕਲਾ ਹੈ। ਨਾਮ ਕਮਾਈਆਂ ਦੁਆਰਾ ਪਹਿਲਾ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨ ਪੈਦਾ ਹੋਣੇ ਹਨ, ਫਿਰ ਓਹਨਾਂ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨੀ-ਖਾਲਸ-ਜਨਾਂ ਦੇ ਸਮੁਦਾਇ ਦੁਆਰਾ ਸਰਬੱਤ ਦਾ ਭਲਾ ਹੋਣਾ ਹੈ। ਨਵੀਆਂ ਰੂਹਾਂ ਭੀ ਪੈਦਾ ਹੋਣਗੀਆਂ ਅਤੇ ਪੁਰਾਣੀਆਂ ਰੂਹਾਂ ਸੁਰਜੀਤ ਹੋ ਕੇ ਜਦੋਂ ਨਵ-ਜੀਵਨੀ ਰੂਹਾਂ ਹੋ ਜਾਣਗੀਆਂ ਤਾਂ ਓਹ ਭੀ ਆਉਣ ਵਾਲੀ ਸਰਬੱਤ ਦੇ ਭਲੇ ਵਾਲੀ ਸਾਂਝੀ-ਵਾਲਤਾ ਵਿਚ ਭਾਈਵਾਲ ਹੋਣਗੀਆਂ। ਪਿੱਛੇ ਵੀ ਜੋ ਕਲਾ ਵਰਤੀ, ਉਹ ਨਾਮ ਕਮਾਈ ਵਾਲਿਆਂ ਦੀ ਬਰਕਤ ਸੀ। ਅਨੇਕ ਗੁਪਤ ਪ੍ਰਗਟ ਜੀਵਨ ਜੇਲ੍ਹ ਅੰਦਰ ਬੈਠੇ ਅਤੇ ਬਾਹਰ ਬਿਚਰਦੇ ਹੋਏ ਓਹਨੀਂ ਦਿਨੀਂ ਨਾਮ ਦੀਆਂ ਸਿਰਤੋੜ ਅਭਿਆਸ ਕਮਾਈਆਂ ਕਰ ਰਹੇ ਸਨ, ਜਿਨ੍ਹਾਂ ਦਾ ਪ੍ਰਭਾਵ ਸਾਰੇ ਪੰਥ ਵਿਖੇ ਵਰਤ ਰਿਹਾ ਸੀ, ਹੁਣ ਭੀ ਵਰਤੇਗਾ।

ਗੁਰੂ ਸੱਚਾ ਪਾਤਸ਼ਾਹ ਆਪਣੇ ਪੰਥ ਦਾ ਆਪ ਵਾਲੀ ਹੈ। ਮਤ ਕੋ ਕਿਸੇ ਨੂੰ ਇਹ ਗੁਮਾਨ ਰਹੇ ਕਿ ਕਿਸੇ ਖ਼ਾਸ ਪੰਥਕ ਆਗੂ ਦੀ ਕੁਰਬਾਨੀ ਬਿਨਾਂ ਪੰਥ ਨੇ ਨਹੀਂ ਉਭਰਨਾ। ਕੁਰਬਾਨੀ ਕਰਨ ਕਰਾਵਨਹਾਰਾ ਸਤਿਗੁਰ ਆਪ ਹੈ।

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥... ॥੩॥ ( ॥੫॥੫॥੧੨੬॥)**

**(ਗਉੜੀ ਮ. ੫, ਪੰਨਾ: ੨੦੬)**

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਜੋ ਜੋ ਨੁਮਾਇਆਂ ਖ਼ਿਦਮਤਾਂ ਪੰਥ ਦੇ ਉਘੇ ਨਾਵਾਂ ਵਾਲੇ ਸੇਵਕਾਂ ਨੇ ਕੀਤੀਆਂ ਹਨ, ਉਹ ਕਦੇ ਭੁਲਾਉਣ ਵਾਲੀਆਂ ਨਹੀਂ, ਤੇ ਨਾ ਕਦੇ ਓਹਨਾਂ ਦੀ ਸ਼ਲਾਘਾ ਘਟ ਹੋ ਸਕਦੀ ਹੈ। ਗੁਰਦਵਾਰਿਆਂ ਨੂੰ ਪੰਥ ਦੀ ਹਵਾਲਗੀ ਵਿਚ ਲਿਆਉਣ ਲਈ ਜੋ ਨਿਗਰ ਸੇਵਾ ਪੰਥ ਦੇ ਜਬਰਜੰਗ ਜੋਧਿਆਂ ਸ੍ਰੀ ਮਾਨ ਭਾਈ ਤੇਜਾ ਸਿੰਘ ਜੀ ਭੁੱਚਰ ਤੇ ਭਾਈ ਕਰਤਾਰ ਸਿੰਘ ਜੀ ਝੱਬਰ ਪਾਸੋਂ ਸਤਿਗੁਰੂ ਨੇ ਲਈ ਹੈ, ਉਸ ਸੇਵਾ ਦੇ ਗੁਣਾਂ ਨੂੰ ਪੰਥ ਕਦੇ ਨਹੀਂ ਭੁਲਾ ਸਕਦਾ। ਜਥੇਬੰਦੀ ਦੀ ਉਸਾਰੀ ਵਿਚ ਜੋ ਅਤੀ ਸ਼ਲਾਘਾ ਯੋਗ ਸੇਵਾ ਉਸ ਸਮੇਂ ਸਤਿਗੁਰੂ ਪੰਥ ਦੇ ਵਾਲੀ ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੇ ਪੰਥ ਸੇਵਕ ਸਰਦਾਰ ਖੜਕ ਸਿੰਘ ਜੀ, ਸਰਦਾਰ ਅਮਰ ਸਿੰਘ ਜੀ ਝਬਾਲੀਆ ਪਾਸੋਂ ਲਈ ਹੈ, ਇਹ ਸਦਾ ਸੁਨਹਿਰੀ ਅੱਖਰਾਂ ਨਾਲ ਲਿਖੀ ਜਾਣ ਵਾਲੀ ਹੈ। ਓਹਨਾਂ ਉਪਰ ਜਿੰਨਾ ਭੀ ਪੰਥ ਮਾਣ ਕਰੇ, ਥੋੜਾ ਹੈ।

ਪਿਆਰਿਓ! ਊਣਤਾਈਆਂ ਤੇ ਭੁਲਾਂ ਤਾਂ ਹੋਇਆ ਹੀ ਕਰਦੀਆਂ ਹਨ, ਪਰ ਕੌਣ ਕਹਿ ਸਕਦਾ ਹੈ ਕਿ ਗਿਆਨੀ ਸ਼ੇਰ ਸਿੰਘ ਨੇ ਮਾਸਟਰ ਤਾਰਾ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਭਾ: ਸ਼ੇਰ ਸਿੰਘ ਗਿਆਨੀ ਦੇ ਹਮ-ਪੱਲਾ ਹੋ ਕੇ ਅਥੱਕ ਅਤੇ ਅਮੋਲਕ ਸੇਵਾ ਨਹੀਂ ਕੀਤੀ। ਉਹਨਾਂ ਦੇ ਇਹਨਾਂ ਗੁਣਾਂ ਨੂੰ ਭੁਲਾਉਣਾ ਅਯੋਗ ਹੈ। ਪਰ ਉਕਤ ਦੋਹਾਂ ਪੰਥ ਮੁਖੀਆਂ ਨੂੰ ਭੀ ਇਕ ਦੂਜੇ ਦੇ ਗੁਣ ਸਾਰਗ੍ਰਾਹੀ ਹੋਇ ਕੇ ਪ੍ਰਸਪਰ ਪ੍ਰੇਮ ਵਧਾਉਣਾ ਚਾਹੀਦਾ ਹੈ, ਨਾ ਕਿ ਇਕ ਦੂਜੇ ਦੀਆਂ ਭੁਲਾਂ ਵਲ ਵੰਗਾਰਿ ਵੰਗਾਰਿ ਕੇ ਵਧਣਾ ਚਾਹੀਦਾ ਹੈ। "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ" ਵਾਲੇ ਗੁਰਵਾਕ ਉਪਰ ਚਲਣਾ ਚਾਹੀਦਾ ਹੈ ਅਤੇ ਚਲ ਕੇ ਗੁਰੂ ਦੀਆਂ ਖ਼ੁਸ਼ੀਆਂ ਲੈਣੀਆਂ ਚਾਹੀਦੀਆਂ ਹਨ।

ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਅਵਤਾਰ ਦਿਹਾੜੇ ਦੀ ਯਾਦਗਾਰ ਵਿਚ ਅੱਜ ਜੇਕਰ ਇਹ ਕੋਈ ਪੰਥ ਭੂਸ਼ਨ ਖ਼ਾਸ ਕਰਕੇ ਤੇ ਹੋਰ ਸਾਰੇ ਮੁਖੀ ਸੇਵਕ ਆਪੋ ਆਪਣੀ ਮਤਸਰੀ ਧੜੇਬੰਦੀਆਂ ਨੂੰ ਛਡ ਦੇਣ ਤਾਂ ਉਨ੍ਹਾਂ ਦੀ ਏਸ ਕੁਰਬਾਨੀ ਦਾ ਸਦਕਾ ਤੁੱਠਾ ਪਾਤਸ਼ਾਹ ਓਹਨਾਂ ਦੇ ਅਵਗੁਣਾਂ ਉਤੇ ਮੇਹਰ ਦਾ ਪੜਦਾ ਪਾਏਗਾ। ਅੱਜ ਕਲ੍ਹ ਜਿੰਨੇ ਭੀ ਪੰਥ ਵਿਖੇ ਧੜੇ ਬਣ ਰਹੇ ਹਨ, ਇਹ ਸਭ ਇਕ ਦੂਜੇ ਦੇ ਅਵਗੁਣ ਚਿਤਾਰਨ ਅਤੇ ਛਿੱਦਰ ਫੋਲਣ ਦੇ ਕਾਰਨ ਹੋਏ ਹਨ। ਜੇਕਰ ਸਿਰਲੇਖ ਵਿਚ ਦਿਤੇ ਗੁਰਪ੍ਰਮਾਣਾਂ ਦੀ ਪੂਰਨ ਵਰਤੋਂ ਇਸ ਲੇਖ ਦੇ ਮੁਢ ਵਿਚ ਦਿਤੀ ਬਿਧੀ ਅਨੁਸਾਰ ਕੀਤੀ ਜਾਵੇ ਤਾਂ ਸਭ ਝਗੜੇ ਮਿਟ ਸਕਦੇ ਹਨ।

ਐ ਪੰਥ ਭੂਸ਼ਨੋ! ਅਤੇ ਪੰਥ ਮੁਖੀਓ ਤੇ ਪੰਥ ਪ੍ਰਸਿਧ ਸੇਵਕ ਜਨੋ! ਤੁਸਾਡੀਆਂ ਸਾਰੀਆਂ ਕੀਤੀਆਂ ਖ਼ਿਦਮਤਾਂ ਅਤੇ ਕੁਰਬਾਨੀਆਂ ਦੇ ਸਿਰ ਕੁਰਬਾਨੀ ਤੁਸਾਡੀ ਇਹ ਹੋਵੇਗੀ, ਜੇ ਅੱਜ ਦੇ ਪਵਿੱਤਰ ਦਿਹਾੜੇ ਪੰਥ ਵਾਲੀ ਦੇ ਪਵਿੱਤਰ ਅਵਤਾਰ ਪੁਰਬ ਦਿਹਾੜੇ ਤੁਸੀਂ ਆਪੋ ਆਪਣੀਆਂ ਮਨ ਦੀਆਂ ਮਤਸਰਾਂ ਛੱਡਣ ਦੇ ਰਾਹ ਪੈ ਜਾਵੋਗੇ ਅਤੇ ਧੜੇਬੰਦੀਆਂ ਤੇ ਚੌਧਰਾਂ ਦੇ ਕੁਚੱਸਕੇ ਨੂੰ ਛਡਦੇ ਹੋਏ ਇਕ ਦੂਜੇ ਦੇ ਗੁਣ-ਗ੍ਰਾਹੀ ਹੋਣ ਦੀਆਂ ਪਧਰੀਆਂ ਪਾੜੀਆਂ (ਪਟੜੀਆਂ) ਤੇ ਪੈ ਜਾਵੋਗੇ ਅਤੇ ਗੁਰਮਤਿ ਦੇ ਉੱਚ ਆਦਰਸ਼ ਅਨੁਸਾਰ ਇਸ ਗੁਰਵਾਕ ਨੂੰ ਆਪਣੇ ਉਪਰ ਘਟਾਉਣ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋਗੇ :-

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**

**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥**

**ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥**

**ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ॥੪॥੩॥**

**(ਧਨਾਸਰੀ ਮ. ੫, ਪੰਨਾ : ੬੭੧)**

# ਹਠ ਜੋਗ ਦੇ ਮੁਕਾਬਲੇ ਸਹਜ ਜੋਗ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਵਾਹਿਗੁਰੂ ਪਰਮਾਤਮਾ ਦੀ ਸੱਚ ਅਤੇ ਸਨਮੁਖ ਪ੍ਰਕਾਸਤ ਜੋਤਿ ਵਿਚ ਸਦਾ ਲਿਵਲੀਨ ਰਹਿਣਾ ਤੇ ਇਸੇ ਵਿਚ ਹੀ ਬ੍ਰਿਤੀ ਨੂੰ ਟਿਕਾਈ ਰਖਣਾ ਇਹੀ ਗੁਰਮੁਖਿ ਸਹਿਜ ਜੋਗੀਆਂ ਦੀ ਸੱਚੀ ਟਿਕਟਿਕੀ ਹੈ। ਹਠ ਜੋਗੀ ਟਿਕਟਿਕੀ ਬੈਰਾਗਨ ਵਰਤ ਕੇ, ਉਸ ਉਪਰ ਸਹਾਰਾ ਦੇ ਕੇ ਆਪਣੀਆਂ ਬਾਹਾਂ ਜੋ ਪਸਾਰਦੇ ਹਨ, ਇਹ ਸਭ ਲੋਕ-ਦਿਖਾਵੇ ਲਈ ਸੰਮਿਆ (ਬੈਰਾਗਨ) ਦਾ ਵਰਤਣਾ ਨਿਰੀ ਉਨ੍ਹਾਂ ਦੀ ਫੋਕਟ ਹੀ ਕ੍ਰਿਆ ਹੁੰਦੀ ਹੈ, ਕਿਉਂਕਿ ਉਹ ਗੁਰਮਤਿ ਨਾਮ ਅਭਿਆਸ ਦੇ ਨਾ ਜਾਣੂ ਹੋਣ ਕਰਕੇ ਸਵਾਸ, ਸੁਰਤ ਤੇ ਬਿਰਤੀ ਨੂੰ ਜੋੜਨਾ ਤਾਂ ਜਾਣਦੇ ਹੀ ਨਹੀਂ, ਐਵੇਂ ਘੁੱਗੂ ਮੱਟ-ਵਾਸੀ ਹੋ ਕੇ ਟਿਕਟਿਕੀ (ਬੈਰਾਗਨ) ਉਤੇ ਬਾਹਾਂ ਮੋਢੇ ਪਸਾਰੀ ਰਖਦੇ ਹਨ।

**ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥**
**ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥**
**ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥**
**ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ਰਹਾਉ ॥**
**ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥**
**ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥**
**ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥**
**ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥**
**ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥**
**ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥**
**(ਆਸਾ ਮ: ੧, ਪੰਨਾ: ੩੫੯-੬੦)**

ਇਹ ਗੁਰਵਾਕ ਗੁਰਮਤਿ ਰੂਪੀ ਸੱਚਾ ਸਹਜ ਜੋਗ ਗੁਰਸਿਖਾਂ ਪ੍ਰਤੀ ਦ੍ਰਿੜ੍ਹਾਵਣ ਲਈ ਅਤੇ ਹਠ ਯੋਗ ਦਾ ਖੰਡਨ ਕਰਨ ਲਈ ਉਚਾਰਨ ਹੋਇਆ ਹੈ। ਜੋਗੀ ਜਨ ਜੋ ਕੰਨਾਂ ਨੂੰ ਪੜਵਾ ਕੇ ਮੁੰਦਰਾਂ ਪਾਉਂਦੇ ਹਨ, ਉਨ੍ਹਾਂ ਮੁੰਦਰਾਂ ਦੀ ਥਾਉਂ ਸਤਿਗੁਰੂ ਨੇ ਗੁਰਮਤਿ ਦੇ ਆਸ਼ੇ ਅਨੁਸਾਰ ਦੁਰ-ਦੀਖਿਆ ਗੁਰ-ਸ਼ਬਦ ਮੰਤਰ ਰੂਪੀ ਮੁੰਦਰਾਂ ਦਾ ਮਨ ਅੰਦਰ ਪ੍ਰੋਣਾ ਦ੍ਰਿੜ੍ਹਾਇਆ ਹੈ। ਹਠ ਜੋਗੀ ਜਨ ਜੋ ਸਦਾ ਦਿਖਾਵੇ ਮਾਤਰ ਗੋਦੜੀ (ਖਿੰਥਾ) ਪਹਿਰ ਕੇ ਸਾਰੀ ਉਮਰ ਲਈ ਭੇਖਧਾਰੀ ਬਣ ਕੇ ਵਿਚਰਦੇ ਹਨ, ਉਸ ਦੇ ਥਾਉਂ ਗੁਰੂ ਸਾਹਿਬ ਨੇ ਖਿਮਾ ਧਾਰਨ ਲਈ ਸੱਚੀ ਗੁਰਮਤਿ ਗੋਦੜੀ ਹੰਢਾਵਣ ਦਾ ਹੁਕਮ ਦਿਤਾ ਹੈ। ਗੁਰੂ ਘਰ ਦੀ ਸਹਿਜ ਜੋਗ ਬਿਵਸਥਾ ਦੀ ਪਰਖ ਇਹ ਹੈ ਕਿ ਸੱਚੇ ਗੁਰਮੁਖਿ ਜਨ ਵਾਹਿਗੁਰੂ ਦਾ ਭਾਣਾ ਹਰ ਹਾਲਤ ਵਿਚ ਭਲਾ ਕਰਕੇ ਮੰਨਦੇ ਹਨ, ਜੋ ਕੁਛ ਵਾਹਿਗੁਰੂ ਕਰੇ, ਉਸੇ ਵਿਚ ਭਲਾ ਮਨਾਉਣਾ ਸੱਚੀ ਹੁਕਮ-ਰਜ਼ਾ ਉੱਪਰ ਚਲਣਾ ਹੈ। ਗੁਰਮੁਖਿ ਜਨਾਂ ਨੇ ਰੱਬ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਣ ਦੀ ਜੋ ਗੁਰਮਤਿ-ਜੁਗਤ ਗੁਰੂ ਪਾਸੋਂ ਸਿੱਖੀ ਹੈ, ਇਹ ਹੀ ਸਹਿਜ ਜੋਗ ਦੀ ਪ੍ਰਾਪਤੀ ਦਾ ਖ਼ਜ਼ਾਨਾ ਹੈ। ਗੁਰਮਤਿ ਦਾ ਸਹਿਜ ਜੋਗ ਹਠ ਯੋਗ ਦੇ ਮੁਕਾਬਲੇ ਤੇ ਆਉਂਦਾ ਹੈ। ਨਾਮ, ਸਿਮਰਨ, ਸੇਵਾ, ਸੰਗਤ ਤੇ ਕੀਰਤਨ ਆਦਿ ਦਵਾਰਾ ਗੁਰਮੁਖਾਂ ਦੀ ਸੁਰਤੀ ਬਿਰਤੀ ਸਹਜੇ ਹੀ ਪ੍ਰਮਾਰਥੀ ਗਗਨ-ਮੰਡਲਾਂ ਵਿਚ ਜਾ ਜੁੜਦੀ ਹੈ। ਇਹ ਗੁਰਮਤਿ ਦਾ ਸਹਿਜ ਜੋਗ ਹੈ। ਗੁਰਮੁਖਾਂ ਦਾ ਗੁਰਮਤਿ ਜੁਗਤਿ ਦੁਆਰਾ ਜੀਉੜਾ ਸਦਾ ਹੀ ਵਾਹਿਗੁਰੂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ, ਐਸੇ ਗੁਰਮੁਖਿ ਜਨ ਸਦਾ ਹੀ ਜੋਗ ਬ੍ਰਿਤ ਧਾਰੀ ਰਹਿੰਦੇ ਹਨ, ਕਿਉਂਕਿ ਉਨ੍ਹਾਂ ਦਾ ਪਰਮ ਤੱਤ ਵਾਹਿਗੁਰੂ ਵਿਚ ਸਦਾ ਮੇਲ ਮਿਲਿਆ ਰਹਿੰਦਾ ਹੈ। ਹਠ ਯੋਗ ਦੀ ਸਮਾਧੀ ਦਵਾਰਾ ਆਨਮਤ ਯੋਗੀ ਯੋਗ-ਸਾਧਨਾ ਕਰ ਕੇ ਮਹਿਜ਼ ਸਰੀਰਕ ਰਸ ਹੀ ਪ੍ਰਾਪਤ ਕਰਦਾ ਹੈ, ਪਰੰਤੂ ਗੁਰਮਤਿ ਸਹਿਜ ਜੋਗ ਦਾ ਅਭਿਆਸੀ ਜਨ ਅੰਮ੍ਰਿਤ ਨਾਮ ਨਿਰੰਜਨ ਦੀ ਪ੍ਰਾਪਤੀ ਕਰ ਕੇ ਅਤੇ ਨਾਮ ਅਭਿਆਸ ਕਮਾਈਆਂ ਕਰ ਕੇ ਆਤਮ ਗਿਆਨ ਰਸ ਦੇ ਪ੍ਰਮਾਰਥੀ ਭੋਗ ਭੋਗਦਾ ਹੈ।

ਆਨਮਤ ਭੇਖਧਾਰੀ ਜੋਗੀਆਂ ਦੇ ਆਸਨ ਬੈਸਨ ਭੇਖ ਸਭ ਹਠ ਯੋਗ ਦੇ ਹੁੰਦੇ ਹਨ ਅਤੇ ਕਲਪਨਾ ਝਗੜੇ ਵਿਚ ਹੀ ਉਨ੍ਹਾਂ ਦੀ ਬ੍ਰਿਤੀ ਖਚਤ ਰਹਿੰਦੀ ਹੈ। ਪਰੰਤੂ ਗੁਰਮਤਿ ਸਹਿਜ ਜੋਗੀ ਆਤਮ ਮੰਡਲ ਵਿਚ ਸੁਰਤੀ ਬਿਰਤੀ ਜਮਾਉਣ ਰੂਪੀ ਆਸਣ, ਸੱਚੀ ਆਸਣ ਰੂਪੀ ਗੁਰਮਤਿ ਬਿਰਤੀ ਲਗਾ ਕੇ ਬੈਠਦਾ ਹੈ, ਬਾਹਰਲੇ ਬਖੇੜਿਆਂ ਝਗੜਿਆਂ ਵਿਚ ਪੈਂਦਾ ਹੀ ਨਹੀਂ। ਭੇਖਧਾਰੀ ਆਨਮਤ ਜੋਗੀ ਬਾਰਾਂਸਿੰਗੇ ਬਜਾ ਕੇ ਕੂੜ ਦੀਆਂ ਬਾਹਰਮੁਖੀ ਧੁਨੀਆ ਉਠਾਉਂਦੇ ਹਨ। ਗੁਰਮਤਿ ਸਹਿਜ ਜੋਗੀ ਗੁਰਮੰਤਰ ਰੂਪੀ ਸ਼ਬਦ ਅਭਿਆਸ ਵਿਖੇ ਬ੍ਰਿਤੀ ਜੋੜ ਕੇ ਸੱਚੀਆਂ ਸ਼ਬਦ-ਧੁਨੀਆਂ ਦਸਮ ਦਵਾਰ ਵਿਖੇ ਪਹੁੰਚ ਕੇ ਸੁਣਦਾ ਹੈ, ਜਿਥੇ ਦਿਨੈ ਰਾਤ ਅਨਹਦ ਨਾਦ ਪੂਰੀਦੇ (ਵਜਦੇ) ਹੀ ਰਹਿੰਦੇ ਹਨ।

ਹਠ ਯੋਗੀ ਆਨਮਤ ਭੇਖ ਜੋਗ ਦਿਖਾਉਣ ਲਈ ਖੱਪਰ, ਚਿੱਪੀ ਹੱਥ ਵਿਚ ਲਈ ਫਿਰਦੇ ਹਨ। ਗੁਰਮੁਖਿ ਜਨਾਂ ਨੇ, ਗੁਰਮਤਿ ਸਹਿਜ ਜੋਗੀਆਂ ਨੇ ਨਾਮ ਅਭਿਆਸ, ਗੁਰਮਤਿ ਬੀਚਾਰ ਰੂਪੀ ਖੱਪਰ ਸਦਾ ਲਈ ਧਾਰਨ ਕੀਤਾ ਹੋਇਆ ਹੈ ਅਤੇ ਜੋਗੀਆਂ ਦੇ ਚਿੰਨ੍ਹ ਡੰਡੇ ਦੀ ਥਾਉਂ ਗੁਰਮਤਿ ਗਿਆਨ ਰੂਪੀ ਡੰਡਾ ਹਰ ਦਮ ਉਭਾਰਿਆ ਹੋਇਆ ਹੈ। ਮਨਮਤੀ ਹਠ ਜੋਗ

ਵਾਲੇ ਜੋਗੀ ਜਨ ਜੋ ਬਿਭੂਤੀ (ਸਵਾਹ) ਸਰੀਰ 'ਤੇ ਮਲਦੇ ਹਨ, ਉਸ ਦੇ ਥਾਉਂ ਗੁਰਮਤਿ ਸਹਿਜ ਜੋਗੀ ਵਾਹਿਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਸਮਝਣ-ਮਈ ਆਤਮ-ਬਿਭੂਤੀ ਦੇ ਸਵਾਹੀ (ਸਵਾਹ ਮਲਣ ਵਾਲੇ) ਹੁੰਦੇ ਹਨ। ਹਠ ਜੋਗੀ ਜਨ (ਆਨਮਤੀ ਜੋਗੀ) ਜੋ ਸਰੀਰ ਤੇ ਸੁਆਹ ਮਲਦੇ ਹਨ ਉਹ ਆਪਣੇ ਸਰੀਰ ਨੂੰ ਸੁਥਰਾ ਰਖਣ ਦੀ ਥਾਉਂ ਸੁਆਹ ਨਾਲ ਲਿਬੜਿਆ ਹੋਇਆ ਰਖਣ ਵਿਚ ਸੰਸਾਰਕ ਸੁਖਾਂ ਤੋਂ ਵੈਰਾਗੀ ਤਿਆਗੀ ਬਣਨ ਦਾ ਦਿਖਾਵਾ ਦਿਖਾਉਂਦੇ ਹਨ, ਇਹ ਸਭ ਪਾਖੰਡ ਰੂਪ ਹਠ-ਜੋਗ ਹੈ। ਸੋ ਗੁਰਮੁਖਿ ਜਨ ਨਾਮ ਅਭਿਆਸ ਦੀ ਬਰਕਤ ਨਾਲ ਵਾਹਿਗੁਰੂ ਦੇ ਸਰੂਪ ਵਿਖੇ ਸੁਰਤੀ ਬਿਰਤੀ ਨੂੰ, ਧਿਆਨ ਨੂੰ ਜੋੜੀ ਰਖਣ ਮਈ ਸੱਚੀ ਬਿਭੂਤੀ ਲਾਈ ਰਖਦੇ ਹਨ, ਯਥਾ ਗੁਰਵਾਕ- "ਧਿਆਨ ਕੀ ਕਰਹਿ ਬਿਭੂਤਿ॥" (ਜਪੁਜੀ ਸਾਹਿਬ, ਅੰਕ: ੨੮) ਹਠ ਜੋਗੀਆਂ ਦੀ ਉਲਟੀ ਰਹੁ-ਰੀਤ ਦੇ ਥਾਉਂ ਗੁਰਮੁਖਿ ਜਨਾਂ ਦੀ ਹਰਿ ਕੀਰਤਿ, ਹਰਿ-ਜਸ ਰੂਪੀ ਰਹਿਰਾਸ ਹੀ ਸੱਚੀ ਰਹੁ-ਰੀਤੀ ਹੈ। ਇਸ ਸੱਚੀ ਰਹਿਰਾਸ ਦਵਾਰਾ ਗੁਰਮੁਖਿ ਜੋਗੀ ਜਨਾਂ ਦਾ ਸਹਿਜ ਵੈਰਾਗ, ਬਿਰਤੀ ਵਿਚ ਅਸਥਿਰ ਰਹਿੰਦਾ ਹੈ, ਝੂਠੇ ਪਦਾਰਥਾਂ ਵਿਚ ਲਗਦਾ ਹੀ ਨਹੀਂ, ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਗੁਰਮਤਿ ਪੰਥ ਧਾਰਨੀ ਹਰ ਦਮ ਅਤੀਤ ਜੋਗੀ ਬਣੇ ਰਹਿੰਦੇ ਹਨ। ("ਗੁਰਮੁਖਿ ਪੰਥ ਅਤੀਤੰ")

ਵਾਹਿਗੁਰੂ ਪਰਮਾਤਮਾ ਦੀ ਸੱਚ ਅਤੇ ਸਨਮੁਖ ਪ੍ਰਕਾਸਤ ਜੋਤਿ ਵਿਚ ਸਦਾ ਲਿਵਲੀਨ ਰਹਿਣਾ ਤੇ ਇਸੇ ਵਿਚ ਹੀ ਬ੍ਰਿਤੀ ਨੂੰ ਟਿਕਾਈ ਰਖਣਾ ਇਹੀ ਗੁਰਮੁਖਿ ਸਹਿਜ ਜੋਗੀਆਂ ਦੀ ਸੱਚੀ ਟਿਕਟਿਕੀ ਹੈ। ਹਠ ਜੋਗੀ ਟਿਕਟਿਕੀ ਬੈਰਾਗਨ ਵਰਤ ਕੇ, ਉਸ ਉਪਰ ਸਹਾਰਾ ਦੇ ਕੇ ਆਪਣੀਆਂ ਬਾਹਾਂ ਜੋ ਪਸਾਰਦੇ ਹਨ, ਇਹ ਸਭ ਲੋਕ-ਦਿਖਾਵੇ ਲਈ ਸੰਮਿਆ (ਬੈਰਾਗਨ) ਦਾ ਵਰਤਣਾ ਨਿਰੀ ਉਨ੍ਹਾਂ ਦੀ ਫੋਕਟ ਹੀ ਕ੍ਰਿਆ ਹੁੰਦੀ ਹੈ, ਕਿਉਂਕਿ ਉਹ ਗੁਰਮਤਿ ਨਾਮ ਅਭਿਆਸ ਦੇ ਨਾ ਜਾਣੂ ਹੋਣ ਕਰਕੇ ਸਵਾਸ, ਸੁਰਤ ਤੇ ਬਿਰਤੀ ਨੂੰ ਜੋੜਨਾ ਤਾਂ ਜਾਣਦੇ ਹੀ ਨਹੀਂ, ਐਵੇਂ ਘੁੱਗੂ ਮੱਟ-ਵਾਸੀ ਹੋ ਕੇ ਟਿਕਟਿਕੀ (ਬੈਰਾਗਨ) ਉਤੇ ਬਾਹਾਂ ਮੋਢੇ ਪਸਾਰੀ ਰਖਦੇ ਹਨ। ਗੁਰਮਤਿ ਅਭਿਆਸੀ ਜਨ ਸਰੀਰਕ ਨਿਰਬਲਤਾ ਅਤੇ ਬ੍ਰਿਧਤਾ ਬਿਆਪਣ ਕਰਕੇ ਉਕਤ ਨਿਰਬਲ ਅਤੇ ਬ੍ਰਿਧ ਸਰੀਰ ਨੂੰ ਸਹਾਰਾ ਦੇਣ ਲਈ ਅਤੇ ਸਾਰੀ ਸਰੀਰੀ ਕ੍ਰਾਂਤੀ ਸਵਾਧਾਨਤਾ ਵਿਚ ਰਖਣ ਲਈ ਬੈਰਾਗਨ ਚਾਹੇ ਵਰਤ ਲੈਣ, ਪਰੰਤੂ ਸੱਚੀ ਟੇਕ, ਆਤਮ ਬ੍ਰਿਧਤਨੀ ਟੇਕ ਤਿਨ੍ਹਾਂ ਦੀ ਗੁਰਮਤਿ ਜੁਗਤਿ ਜੋਗ, ਨਾਮ ਅਭਿਆਸ ਦੀ ਸਵਾਸ ਸਵਾਸ ਕਮਾਈ ਉਪਰ ਹੀ ਹੁੰਦੀ ਹੈ। ਇਸ ਬਿਧਿ ਜੋਤੀਸ਼ ਵਾਹਿਗੁਰੂ ਦੀ ਅੰਤਰ ਬਾਹਰ ਪ੍ਰਵੇਸ਼ ਹੋਈ ਸਗਲੀ ਜੋਤਿ ਹੀ ਤਿਨ੍ਹਾਂ ਦੀ ਸੰਮਿਆ (ਬੈਰਾਗਨ) ਹੀ ਬਣੀ ਰਹਿੰਦੀ ਹੈ। ਨਾਨਾ ਪ੍ਰਕਾਰ ਦੇ ਆਤਮ ਰੰਗਾਂ ਵਿਚ ਲੀਨ ਰਹਿਣਾ, ਅਨਿਕ ਤਰੰਗੀ ਨਾਮ ਜਪਣਾ, ਗੁਰਮਤਿ ਸਹਿਜ ਜੋਗੀਆਂ ਦਾ ਸੱਚਾ ਵਰਨ ਆਸ਼੍ਰਮ ਹੈ। ਗੁਰੂ ਨਾਨਕ ਸਾਹਿਬ ਭਰਥਰਿ ਨਾਮੇ ਜੋਗੀ ਨੂੰ ਸੁਣਾ ਕੇ ਏਸ ਉਪਦੇਸ਼ ਦਵਾਰਾ ਇਹੀ ਗੱਲ ਦ੍ਰਿੜ੍ਹਾਉਂਦੇ ਹਨ ਕਿ ਇਕੋ ਅਕਾਲ ਪੁਰਖ ਵਾਹਿਗੁਰੂ ਵਿਚ ਹੀ ਹਰ ਦਮ ਬਿਰਤੀ ਜੋੜੀ ਰਖਣੀ ਚਾਹੀਦੀ ਹੈ।

**ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥**
**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥੧॥**
**ਲਾਲ ਬਹੁ ਗੁਣਿ ਕਾਮਣਿ ਮੋਹੀ॥**
**ਤੇਰੇ ਗੁਣ ਹੋਹਿ ਨ ਅਵਰੀ॥੧॥ਰਹਾਉ॥**
**ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥**
**ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥੨॥**
**ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥**
**ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ॥੩॥**
**ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥**
**ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥੪॥੧॥੩੫॥**
**(ਆਸਾ ਘਰੁ ੬ ਮ: ੧, ਪੰਨਾ: ੩੫੯)**

ਇਸ ਗੁਰਵਾਕ ਦੁਆਰਾ ਸਭ ਆਨਮਤੀ ਸ਼ਿੰਗਾਰਾਂ ਨੂੰ ਖੰਡਨ ਕੀਤਾ ਗਿਆ ਹੈ ਤੇ ਕੇਵਲ ਇਕੋ ਸੱਚਾ ਸ਼ਿੰਗਾਰ ਗੁਰਮਤਿ ਨਾਮ ਦਾ ਪਹਿਨਣਾ ਹੀ ਦ੍ਰਿੜ੍ਹਾਇਆ ਗਿਆ ਹੈ। ਗੁਰਮਤਿ ਜਗਿਆਸਾ ਰੂਪੀ ਸੱਚੀ ਇਸਤ੍ਰੀ ਉਹ ਹੈ ਜੋ ਖਿਮਾ ਰੂਪੀ ਸ਼ਿੰਗਾਰ ਪਹਿਰਦੀ ਹੈ ਅਤੇ ਇਸ ਬਿਧਿ ਸੱਚੇ ਲਾਲ ਵਾਹਿਗੁਰੂ ਪਰਮਾਤਮਾ ਨੂੰ ਰਾਵ ਰਾਵ ਕੇ ਉਸ ਦੀ ਪਿਆਰੀ ਬਣਦੀ ਹੈ। ਹੇ ਲਾਲ ਵਾਹਿਗੁਰੂ! ਜੋ ਗੁਣ ਤੇਰੇ ਵਿਚ ਹਨ, ਹੋਰਨਾਂ ਵਿਚ ਕਦਾਚਿਤ ਨਹੀਂ ਹੋ ਸਕਦੇ। ਰਾਵਣ ਜੋਗ ਲਾਲ ਪਿਆਰਾ ਬਹੁਤੇ ਗੁਣਾਂ ਵਾਲਾ ਕੇਵਲ ਵਾਹਿਗੁਰੂ ਪਤੀ ਪਰਮਾਤਮਾ ਹੀ ਹੈ। ਸੱਚੀ ਕਾਮਣ ਜਗਿਆਸਾ ਇਸਤ੍ਰੀ ਪ੍ਰਮਾਰਥ ਦੀ ਉਹ ਹੀ ਹੈ ਜੋ ਪਰਮਾਤਮਾ ਦੇ ਇਨ੍ਹਾਂ ਗੁਣਾਂ ਨਾਲ ਮੋਹੀ ਜਾਂਦੀ ਹੈ। ਚਾਹੇ ਕਿਤਨੀ ਹੀ ਵਡਮੁੱਲੀ ਕੀਮਤ ਵਾਲਾ ਹਾਰ ਹੋਵੇ (ਸੋਨੇ ਮੋਤੀਆਂ ਦਾ), ਉਸ ਨੂੰ ਪਹਿਰ ਕੇ ਭੀ ਕਾਮਣ ਇਸਤ੍ਰੀ ਦੁਹਾਗਣ ਹੀ ਰਹਿੰਦੀ ਹੈ, ਸੱਚੀ ਸੋਹਾਗਣ ਨਹੀਂ ਬਣ ਸਕਦੀ। ਗੁਰੂ ਸਾਹਿਬ ਨੇ ਗੁਰਮਤਿ ਨਾਮ ਅਭਿਆਸ ਰੂਪੀ ਸੱਚਾ ਹਾਰ ਕੰਠ ਵਿਖੇ ਪਹਿਰਣ ਲਈ, ਅਤੇ ਪਹਿਰ ਕੇ ਸਦਾ ਹੀ ਸਵਾਸ ਸਵਾਸ ਉਚਾਰਨ ਲਈ ਪ੍ਰੋੜ੍ਹਤਾ ਕੀਤੀ ਹੈ।

ਬਾਵਨ ਅਖਰੀ ਦੀ ਸਾਖੀ

ਇਸ ਪ੍ਰਥਾਇ ਇਕ ਬੜੀ ਸੁੰਦਰ ਸਾਖੀ ਆਉਂਦੀ ਹੈ, ਜਿਸ ਦਾ ਏਥੇ ਦਰਜ ਕਰਨਾ ਅਤੀਯੰਤ ਜ਼ਰੂਰੀ ਹੈ। ਉਹ ਇਹ ਹੈ ਕਿ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਗੁਰੂ ਸਾਹਿਬ ਜੀ ਅੰਤਰਜਾਮੀ ਨੇ ਇਕ ਵਾਰ ਮਾਤਾ ਗੰਗਾ ਜੀ ਨੂੰ (ਜੋ ਉਨ੍ਹਾਂ ਦੇ ਮਹਿਲ ਸਨ) ਸੁਤੇ ਸੁਭਾਵ ਹੀ ਐਉਂ ਪ੍ਰੇਰਨਾ ਕੀਤੀ ਕਿ ਤੁਹਾਡੇ ਪਾਸ ਮੁਲਾਕਾਤ ਲਈ ਸ਼ਹਿਰ ਦੀਆਂ ਖਤਰਾਣੀਆਂ, ਮਹਾਜਨਾਂ ਦੀਆਂ ਇਸਤ੍ਰੀਆਂ ਆਉਂਦੀਆਂ ਹਨ ਉਹ ਦੁਨੀਆਂ ਕਰਕੇ ਕਿਤਨੀਆਂ ਹੀ ਵੱਡੀਆਂ ਹੋਵਣ, ਓੜਕ ਅਨਮਤਣਾਂ ਹੀ ਹਨ, ਤੁਸੀਂ ਖ਼ਬਰਦਾਰ ਰਹਿਣਾ ਕਦੇ ਭੀ ਉਹਨਾਂ ਦੀ ਆਨਮਤ ਭਰੀ ਉਪਦੇਸ਼ ਪ੍ਰੇਰਨਾ ਦੇ ਅਧੀਨ ਨਹੀਂ ਹੋਣਾ। ਐਉਂ ਸੁਤੇ ਸੁਭਾਉ ਬਚਨ ਕਰ ਕੇ ਗੁਰੂ ਸਾਹਿਬ ਗੁਰ ਦਰਬਾਰ ਵਿਖੇ ਜਾ ਬਿਰਾਜਮਾਨ ਹੋਏ। ਉਸ ਦਿਨ ਐਸੀ ਘਟਨਾ ਹੋਈ ਕਿ ਕਿਸੇ ਭਾਰੀ ਗਿਰੰਬਾਰੀ ਮਾਇਆਧਾਰੀ ਸੇਠ ਨੇ ਨੌਂਲੱਖਾ ਹਾਰ ਗੁਰੂ ਸਾਹਿਬ ਜੀ ਦੀ ਆਣ ਭੇਟਾ ਕੀਤਾ। ਤਿਸ ਨੌਲੱਖੇ ਹਾਰ ਦੇ ਗੁਰੂ ਸਾਹਿਬ ਜੀ ਦੇ ਅਗੇ ਭੇਟਾ ਕਰਨ ਦੀ ਚਰਚਾ ਸਾਰੇ ਸ਼ਹਿਰ ਵਿਚ ਹੋ ਗਈ। ਸ਼ਹਿਰ ਦੀਆਂ ਬੜੀਆਂ ਬੜੀਆਂ ਮਹਾਜਨ ਇਸਤ੍ਰੀਆਂ ਇਸ ਹਾਰ ਨੂੰ ਵੇਖਣ ਗਈਆਂ ਤੇ ਅੱਖੀਂ ਵੇਖ ਕੇ ਅਸ਼ ਅਸ਼ ਕਰਦੀਆਂ ਹੀ ਰਹਿ ਗਈਆਂ। ਫੇਰ ਸਾਰੀਆਂ ਇਕੱਠੀਆਂ ਹੋ ਕੇ ਮਾਤਾ ਗੰਗਾ ਜੀ ਦੇ ਪਾਸ ਗਈਆਂ ਤੇ ਐਉਂ ਬੇਨਤੀਆਂ ਕਰਨ ਲਗੀਆਂ ਕਿ ਤੁਸੀਂ ਸਾਰੇ ਜਗ ਦੀ ਪੂਜ ਮਾਤਾ ਹੋ, ਤੁਸੀਂ ਕੋਈ ਭੀ ਗਹਿਣਾ ਨਹੀਂ ਪਹਿਨਿਆ ਹੋਇਆ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਮਹਿਲ ਵਿਚ ਹੁੰਦੇ ਹੋਏ ਤੁਸੀਂ ਗਹਿਣੇ ਵਿਹੂਣ ਅਛੇ ਨਹੀਂ ਲਗਦੇ। ਅਜ ਗੁਰੂ ਸਾਹਿਬ ਜੀ ਦੀ ਭੇਟਾ ਗੁਰ ਦਰਬਾਰ ਵਿਖੇ ਇਕ ਨੌਂਲੱਖਾ ਹਾਰ ਕਿਸੇ ਪ੍ਰੇਮੀ ਨੇ ਭੇਟ ਕੀਤਾ ਹੈ, ਉਸ ਨੌਲੱਖੇ ਹਾਰ ਦੀ ਸ਼ਾਨ ਇਹ ਹੀ ਦਸਦੀ ਹੈ ਕਿ ਉਹ ਹਾਰ ਆਪ ਦੇ ਗਲੇ ਵਿਖੇ ਹੀ ਸਜਾਇਆ ਜਾਏ, ਤਦੇ ਹੀ ਸੋਭਦਾ ਹੈ। ਤੁਸੀਂ ਅਜ ਗੁਰੂ ਸਾਹਿਬ ਨੂੰ ਪ੍ਰੇਰਨਾ ਕਰਕੇ ਉਕਤ ਹਾਰ ਨੂੰ ਆਪਣੇ ਪਹਿਰਨ ਲਈ ਹੀ ਮੰਗੋ।

ਗੱਲ ਕੀ, ਅਜਿਹੀਆਂ ਚਿਕਨੀਆਂ ਚੋਪੜੀਆਂ ਗੱਲਾਂ ਕਰ ਕੇ ਸ੍ਰੀ ਮਾਤਾ ਜੀ ਨੂੰ ਉਸ ਹਾਰ ਦੇ ਪਹਿਰਨ ਲਈ ਤਿਆਰ ਕਰ ਲਿਆ। ਗੁਰੂ ਪੰਚਮ ਪਾਤਸ਼ਾਹ ਜੀ ਦੇ ਗੁਰ ਦਰਬਾਰ ਤੋਂ ਆਉਣ ਤੋਂ ਪਹਿਲਾਂ ਹੀ ਮਾਤਾ ਜੀ ਖਣਪੱਟੀ ਲੈ ਕੇ ਰੁਸ ਕੇ ਪਲੰਘ ਤੇ ਬਿਰਾਜਮਾਨ ਹੋ ਗਏ। ਅੰਤਰਜਾਮੀ ਗੁਰੂ ਸਾਹਿਬ ਨੂੰ ਇਸ ਘਟਨਾ ਦਾ ਪਹਿਲੇ ਹੀ ਪਤਾ ਸੀ, ਉਨ੍ਹਾਂ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਤੁਹਾਨੂੰ ਅਜ ਕਿਸੇ ਇਸਤ੍ਰੀ-ਟੋਲੇ ਦੀ ਆਨਮਤ ਉਪਦੇਸ਼ ਦੀ ਪਾਣ ਚੜ੍ਹ ਗਈ ਹੈ, ਇਸ ਤੋਂ ਬਚਣ ਲਈ ਤੁਸਾਂ ਨੂੰ ਵਰਜਿਆ ਗਿਆ ਸੀ। ਸ੍ਰੀ ਮਾਤਾ ਜੀ ਸਾਵਧਾਨ ਹੋ ਕੇ ਦੋਏ ਕਰ ਜੋੜ ਗਲ ਵਿਚ ਪਲਾ ਪਾ ਕੇ ਗੁਰੂ ਸਾਹਿਬ ਅਗੇ ਐਉਂ ਅਰਜ਼ੋਈ ਕਰਨ ਲਗੇ, 'ਹੇ ਗੁਰੂ ਸਚੇ ਪਾਤਸ਼ਾਹ! ਅਜ ਤਾਈਂ ਇਸ ਦਾਸਰੀ ਨੇ ਆਪ ਪਾਸੋਂ ਕੋਈ ਮੰਗ ਨਹੀਂ ਕੀਤੀ, ਪਹਿਲੀ ਮੰਗ ਕਰਨ ਲਗੀ ਹਾਂ ਆਸ ਹੈ ਕਿ ਉਹ ਤੁਸੀਂ ਉਦਾਰਤਾ ਸਹਿਤ ਕਬੂਲ ਕਰੋਗੇ'। ਸ੍ਰੀ ਗੁਰੂ ਸੱਚੇ ਪਾਤਸ਼ਾਹ ਹੱਸ ਵਿਗੱਸ ਕੇ (ਮੁਸਕਰਾ ਕੇ) ਸ੍ਰੀ ਮਾਤਾ ਜੀ ਪਾਸੋਂ ਪੁਛਣ ਲਗੇ, ਦਸੋ ਸਹੀ ਕਿ ਤੁਹਾਡੀ ਮੰਗ ਕੀ ਹੈ। ਮਾਤਾ ਜੀ ਨੇ ਤੁਰੰਤ ਹੀ ਉਹ ਮੰਗ ਐਉਂ ਪ੍ਰਗਟ ਕੀਤੀ ਕਿ ਅਜ ਜੋ ਨੌਲੱਖਾ ਹਾਰ ਤੁਹਾਡੇ ਦਰਬਾਰ ਵਿਖੇ ਤੁਸਾਂ ਨੂੰ ਭੇਟਾ ਹੋਇਆ ਹੈ, ਉਹ ਮੈਨੂੰ ਗਲ ਵਿਚ ਪਹਿਨਣ ਲਈ ਬਖ਼ਸ਼ ਦਿਓ। ਸ੍ਰੀ ਗੁਰੂ ਸਾਹਿਬ ਇਹ ਸੁਣ ਕੇ ਬੜੇ ਹੀ ਹੱਸੇ ਤੇ ਫ਼ੁਰਮਾਉਣ ਲਗੇ ਕਿ ਅਜ ਜ਼ਰੂਰ ਹੀ ਆਨਮਤੀ ਮੁਲਾਕਾਤਣਾਂ ਦਾ ਅਸਰ ਤੁਸਾਂ ਉਤੇ ਹੋ ਗਿਆ ਹੈ। ਭੋਲੀਏ, ਚਾਹੇ ਕ੍ਰੋੜਾਂ, ਅਰਬਾਂ ਦੀ ਕੀਮਤ ਦਾ ਹਾਰ ਹੋਵੇ ਉਹ ਕੂੜਾ ਵਿਵਹਾਰ ਹੀ ਹੈ, ਅਸੀਂ ਅਜ ਤੁਹਾਡੇ ਲਈ ਉਹ ਹਾਰ ਤਿਆਰ ਕਰਨ ਲਗੇ ਹਾਂ ਜਿਸ ਨੂੰ ਉਰ ਅੰਦਰ ਧਾਰ ਕੇ ਤੁਹਾਡਾ ਲੋਕ ਪ੍ਰਲੋਕ ਹਲਤ ਪਲਤ ਸਭ ਹੀ ਸੁਧਰ ਜਾਏਗਾ।

ਇਸ ਪ੍ਰਥਾਇ ਗੁਰੂ ਪੰਚਮ ਪਾਤਸ਼ਾਹ ਜੀ ਮਹਾਰਾਜ ਸ੍ਰੀ ਬਾਵਨ ਅਖਰੀ ਦੀ ਬਾਣੀ ਉਚਾਰਨ ਲੱਗੇ ਅਤੇ ਐਸੀ ਅੱਖਰ ਬਣਤਰ ਕਲਾ ਵਰਤਾਈ ਕਿ ਜਿਉਂ ਜਿਉਂ ਸ੍ਰੀ ਬਾਵਨ ਅਖਰੀ ਬਾਣੀ ਉਚਾਰਨ ਕੀਤੀ ਜਾਵੇ ਤਿਉਂ ਤਿਉਂ ਨਾਲੋ ਨਾਲ ਹੀ ਸ੍ਰੀ ਮਾਤਾ ਜੀ ਆਪਣੇ ਅੰਤਰ-ਆਤਮੇ ਇਸ ਬਾਣੀ ਦੇ ਤੱਤ ਭਾਵ ਨੂੰ ਅੰਤਰ ਹਿਰਦੇ ਵਿਖੇ ਉਤਾਰੀ ਜਾਣ। ਐਸੀ ਅਚਰਜ ਖੇਡ ਵਰਤੀ ਕਿ ਸਮੱਗਰ ਬਾਣੀ ਸ੍ਰੀ ਬਾਵਨ ਅਖਰੀ ਜੀ ਦੀ ਸ੍ਰੀ ਗੁਰੂ ਸਾਹਿਬ ਜੀ ਦੇ ਮੁਖੋਂ ਉਚਾਰਨ ਹੋ ਗਈ ਤੇ ਨਾਲੋ ਨਾਲ ਹੀ ਸ੍ਰੀ ਮਾਤਾ ਜੀ ਦੇ ਕੰਠਹਾਰ ਹੋ ਕੇ ਧਾਰਨ ਹੋ ਗਈ। ਸ੍ਰੀ ਮਾਤਾ ਜੀ ਦਾ ਹਿਰਦਾ ਕਮਲ ਅੰਤਰਗਤੀ ਐਸਾ ਜਗਮਗਾ ਉਠਿਆ ਕਿ ਜੜਾਊ ਗਹਿਣੇ ਵਾਲੇ ਨੌਲੱਖੇ ਹਾਰ ਦੇ ਪਹਿਰਨ ਦੀ ਅਕਾਂਖਿਆ ਸਾਰੀ ਹੀ ਬਿਬਰਜਤ ਹੋ ਗਈ। ਐਉਂ ਸੱਚਾ ਹਾਰ ਗੁਰਮਤਿ ਨਾਮ ਪ੍ਰੀਤੀ ਗਹਿਣੇ ਦਾ ਉਰ ਧਾਰ ਕੇ ਸ੍ਰੀ ਮਾਤਾ ਜੀ ਨੂੰ ਕੂੜਾਵੇ ਨੌਲੱਖੇ ਹਾਰ ਦਾ ਪਹਿਰਨਾ ਉੱਕਾ ਕੀ ਵਿਸਰ ਗਿਆ ਅਤੇ ਨਿਰਾ ਹੀ ਕੂੜਾਵਾ ਪ੍ਰਤੀਤ ਹੋਇਆ।

ਸੋਈ ਭਾਵ ਇਸ ਅੰਦਰਲੇ ਗੁਰਵਾਕ ਅੰਦਰ- "ਹਰਿ ਹਰਿ ਹਾਰੁ ਕੰਠਿ ਲੇ ਪਹਿਰੈ" ਗੁਰ-ਪੰਗਤੀ ਤੋਂ ਹੈ। ਅੱਨਮਤਣਾਂ ਦੇ ਦੰਦਾਸੇ ਦੇ ਥਾਉਂ ਵਾਹਿਗੁਰੂ (ਦਾਮੋਦਰ) ਦੇ ਸੱਚੇ ਨਾਮ, ਗੁਰਮਤਿ ਨਾਮ ਵਾਹਿਗੁਰੂ ਨੂੰ ਮੁਖ ਦੰਤਾਂ ਅੰਦਰ ਧਾਰਨਾ ਹੈ, ਇਹ ਹੀ ਸੱਚੀ ਗੁਰਮਤਿ ਹੈ। ਹੋਰ ਆਨਮਤੀ ਕੰਗਣਾਂ ਨੂੰ ਤਿਆਗ ਕੇ ਵਾਹਿਗੁਰੂ ਕਰਤੇ ਪੁਰਖ ਦੀ, ਉਸ ਦੇ ਸੱਚੇ ਨਾਮ ਦੀ ਮਾਲਾ ਹੀ ਹਸਤ ਕਮਲਾਂ ਅੰਦਰ ਧਾਰਨੀ ਹੈ ਅਤੇ ਇਸ ਬਿਧਿ ਚਿਤ ਟਿਕਾਵਣਾ ਹੈ, ਸੱਚੀ ਧਾਰਨਾ ਵਿਖੇ ਧਾਰੀ ਰਖਣਾ ਹੈ। ਵਾਹਿਗੁਰੂ (ਮਧੁਸੂਦਨ) ਦੇ ਨਾਮ ਦੀ ਸੁੱਚੀ ਮੁੰਦਰੀ ਪਹਿਰ ਕੇ, ਹੋਛੀਆਂ ਮੁੰਦਰੀਆਂ ਛਾਪਾਂ ਦਾ ਉੱਕਾ ਹੀ ਪ੍ਰੀਤਿਆਗ ਕਰਨਾ ਹੈ ਤੇ ਸਾਰੇ ਪਾਟ-ਪਟੰਬਰੀ ਰੇਸ਼ਮਾਂ ਦੇ ਬਸਤਰ ਤਿਆਗ ਕੇ ਕੇਵਲ ਵਾਹਿਗੁਰੂ (ਪਰਮੇਸ਼ਰ) ਦੇ ਨਾਮ ਦੇ ਸੱਚੇ ਸੁੱਚੇ ਸਾਦਗੀ ਵਾਲੇ ਬਸਤਰ ਨੂੰ ਹੀ ਹਰ ਦਮ ਪਹਿਨੀ ਰਖਣਾ ਹੈ। ਉਸ ਸੱਚੀ ਗੁਰਮਤਿ ਪ੍ਰਮਾਰਥ ਦੀ ਸੱਚੀ ਇਸਤ੍ਰੀ ਲਈ ਕੂੜਾਵੀਆਂ ਕੰਘੀਆਂ ਪੱਟੀਆਂ ਵਾਲੀਆਂ ਅਨਮੱਤਣਾਂ ਦੀਆਂ ਮਾਂਗਾਂ ਸਵਾਰਨੀਆਂ ਗੁਰਮਤਿ ਅੰਦਰ ਉਕੀਆਂ ਹੀ ਬਿਵਰਜਤ ਹਨ। ਇਸ ਮਾਂਗ ਪੱਟੀ ਰੂਪੀ ਧੜੀ ਦੇ ਥਾਉਂ, ਵਾਹਿਗੁਰੂ ਨਾਮ ਰੂਪੀ ਨਾਮ ਧਾਰਨੀ ਧੀਰਜ (ਧਾਰੀ ਰੱਖਣੀ) ਹੈ। ਅਤੇ ਅੱਖੀਆਂ ਵਿਖੇ ਸੁਰਮੇ ਪਾਉਣ ਦੇ ਥਾਉਂ ਨਾਮ ਰੂਪੀ ਸੱਚਾ ਸੁਰਮਾ ਪਾਈ ਰਖਣਾ ਹੈ ਅਤੇ ਇਸ ਬਿਧਿ ਵਾਹਿਗੁਰੂ ਨਾਮ ਦੀਆਂ ਭਉ ਭਾਉ ਸਰਧਾ ਰੂਪੀ ਸੁਰਮੇ ਦੀਆਂ ਸਲਾਈਆਂ ਅੱਖੀਆਂ ਅੰਦਰ ਦੇਈ (ਪਾਈ) ਰਖਣੀਆਂ ਹਨ, ਸੋਈ ਭਾਵ "ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥" ਰੂਪੀ ਗੁਰ ਪੰਗਤੀ ਦਾ ਹੈ।

ਇਸ ਬਿਧਿ ਸੱਚਾ ਪ੍ਰਮਾਰਥੀ ਸ਼ਿੰਗਾਰ ਕਰਕੇ ਮਨ ਰੂਪੀ ਮੰਦਰ ਵਿਖੇ, ਜੋਤਿ ਵਿਗਾਸੀ (ਗੁਰਮਤਿ ਨਾਮ ਰੂਪੀ ਦੀਪਕ (ਦੀਵੇ) ਨੂੰ ਪਰਜੁਲਤ ਕਰਨਾ ਹੈ ਅਤੇ ਸਾਰੀ ਕਾਇਆ ਰੂਪੀ ਸੇਜੜੀ ਨੂੰ ਜਗਮਗਾਉਣਾ ਹੈ। ਇਸ ਜੋਤਿ ਜਗਮਗਾਹਟ ਦਵਾਰਾ ਜੋਤੀਸ਼ਰ ਵਾਹਿਗੁਰੂ ਹਿਰਦੇ ਵਿਖੇ ਜਦੋਂ ਆਇ ਉਤਰਦਾ ਹੈ, ਉਦੋਂ ਹੀ ਸੱਚਾ ਆਤਮ-ਭੋਗ ਪ੍ਰਮਾਤਮਾ-ਵਿਗਾਸੀ-ਭੋਗ ਰਚਾਇਆ ਜਾਂਦਾ ਹੈ। ਇਸ ਸਾਰੇ ਵਾਕ ਦੇ ਭਾਵ ਤੋਂ ਸਿੱਧ ਹੋਇਆ ਕਿ ਆਨਮਤੀਆਂ ਵਾਲੇ ਕੂੜੇ ਸ਼ਿੰਗਾਰ ਸਾਰੇ ਹੀ ਤਿਆਗ ਦੇਣੇ ਗੁਰਮਤਿ ਜਗਿਆਸੂ ਲਈ ਲਾਜ਼ਮੀ ਹਨ।

**ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥**
**ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥**
**ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥**
**ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥**
**ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥**
**ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥**
**ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥**
**ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥**
**ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥**
**ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥**
**(ਆਸਾ ਮ: ੧, ਪੰਨਾ: ੬੫੯-੬੦)**

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਸਮੁੱਚੇ ਜੋਗ ਸੰਨਿਆਸ ਰੂਪੀ ਆਨਮਤ ਭੇਖਾਂ ਦਾ ਖੰਡਨ ਕਰਿ ਦਿਖਲਾਇਆ ਹੈ ਅਤੇ ਸੱਚੇ ਜੋਗ ਸੰਨਿਆਸ ਦਾ ਸੱਚਾ ਗੁਰਮਤਿ ਮਾਰਗ ਦਰਸਾਇਆ ਹੈ। ਕੂੜਾਵੇ ਆਨਮਤ ਜੋਗੀ, ਜੋ ਕੰਨ ਪਾੜ ਕੇ ਮੁੰਦਰਾਂ ਪਹਿਨਦੇ ਹਨ, ਉਹਨਾਂ ਪਾਖੰਡ ਰੂਪੀ ਮੁੰਦਰਾਂ ਦਾ ਖੰਡਨ ਕਰ ਕੇ ਗੁਰੂ ਸਾਹਿਬ ਨੇ ਗੁਰ-ਸ਼ਬਦ ਰੂਪੀ ਸੱਚੀਆਂ ਮੁੰਦਰਾਂ ਮਨ ਵਿਖੇ ਧਾਰਨ ਲਈ ਗੁਰਮਤਿ ਉਪਦੇਸ਼ ਦਿਤਾ ਹੈ। ਜੋਗੀਆਂ ਦੀ ਗੋਦੜੀ (ਖਿੰਥਾ) ਪਹਿਰਨ ਵਾਲੀ ਕੂੜਾਵੀ ਆਨਮਤ ਕ੍ਰਿਆ ਨੂੰ ਖੰਡਨਾਇ ਕੇ ਇਸ ਦੇ ਥਾਉਂ ਗੁਰਮਤਿ ਨਾਮ ਰੂਪੀ ਅਜਰ ਵਸਤੂ ਨੂੰ ਅੰਦਰੇ ਅੰਦਰ ਜਰਨ ਵਾਲੀ ਖਿਮਾ ਰੂਪੀ ਸੱਚੀ ਖਿੰਥਾ ਨੂੰ ਹੰਢਾਉਣਾ ਸੱਚਾ ਗੁਰਮਤਿ ਮਾਰਗੀ ਜੋਗ ਸੰਨਿਆਸ ਧਾਰਨ ਕਰਾਇਆ ਹੈ। ਜੋਗੀਆਂ ਸੰਨਿਆਸੀਆਂ ਦੇ ਪਾਖੰਡ ਯੋਗ ਸੰਨਿਆਸ ਨੂੰ ਖੰਡਨ ਕਰ ਕੇ ਵਾਹਿਗੁਰੂ ਦੀ ਰਜ਼ਾ ਵਿਚ ਸਦਾ ਚੱਲਣ ਵਾਲੀ ਸਹਜ ਜੋਗ ਸਿਧੀ ਦੀ ਪ੍ਰਾਪਤੀ ਕਰਵਾਈ ਹੈ। ਜੋ ਜੀਵ ਜਗਿਆਸੂ

ਵਾਹਿਗੁਰੂ ਦੇ ਨਾਮ ਵਿਖੇ ਸਦਾ ਜੁੜਿਆ ਹੋਇਆ ਹੈ, ਉਹ ਹੀ ਸਦੀਵੀ ਜੋਗ ਧਾਰਨੀ ਸੱਚਾ ਗੁਰਮਤਿ ਅਨੁਸਾਰੀ ਜੋਗੀ ਹੈ। ਇਸ ਜੋਗ-ਧਾਰਨਾ ਦੁਆਰਾ ਜੀਵ-ਆਤਮਾ ਜੁਗੋ ਜੁਗ ਪਰਮਾਤਮਾ ਨਾਲ ਜੁੜਿਆ ਰਹਿੰਦਾ ਹੈ, ਕਿਉਂਕਿ ਉਸ ਦਾ ਵਾਹਿਗੁਰੂ (ਪਰਮ ਤੱਤ) ਵਿਖੇ ਸਦੀਵ ਮੇਲ ਹੋ ਚੁਕਿਆ ਹੁੰਦਾ ਹੈ। ਹਠ ਜੋਗ ਦੁਆਰਾ ਹਠੀ ਅਤੇ ਪਾਖੰਡੀ ਜੋਗੀ ਦਸਮ ਦੁਆਰ ਦੀ ਘੂੰ ਘੂੰ ਸੁਣਦੇ ਹਨ। ਗੁਰਮਤਿ ਸੱਚਾ ਸੁੱਚਾ ਜੋਗ ਅਭਿਆਸ ਅਤੇ ਸੱਚਾ ਜੋਗ ਸੰਨਿਆਸ ਇਹ ਦ੍ਰਿੜ੍ਹਾਉਂਦਾ ਹੈ ਕਿ ਅੰਮ੍ਰਿਤ ਨਾਮ ਨਿਰੰਜਨ ਨੂੰ ਕਮਾਉਂਦਿਆਂ ਹੋਇਆਂ ਸੱਚੀ ਜੋਗ-ਸਮਾਧੀ ਨਿਰੰਜਨ ਵਾਹਿਗੁਰੂ ਦੇ ਸਰੂਪ ਵਿਖੇ ਜਾ ਜੁੜਦੀ ਹੈ, ਜਿਥੇ ਕਿ ਵਾਹਿਗੁਰੂ-ਪ੍ਰਾਪਤੀ ਰੂਪੀ, ਸੱਚੇ ਗੁਰਮਤਿ ਗਿਆਨ ਰੂਪੀ ਅਧਿਆਤਮ ਰਸ ਨੂੰ ਸਦਾ ਲਈ ਭੋਗੀਦਾ ਹੈ।

ਗੁਰੂ ਸਾਹਿਬ (ਧੰਨ ਗੁਰੂ ਨਾਨਕ ਦੇਵ ਜੀਉ) ਇਸ ਗੁਰਮਤਿ ਜੋਗ ਦੀ ਕਮਾਈ ਨੂੰ ਹੱਡਾਂ ਵਿਚ ਰਸਾਈ ਜੋਤਿ ਰਸੈਣੀ ਕਲਾ ਵਿਚ ਮਸਤ ਹੋ ਕੇ ਐਉਂ ਉਚਾਰਨ ਕਰਦੇ ਹਨ ਕਿ ਸਭ ਪ੍ਰਕਾਰ ਦੀਆਂ ਤ੍ਰਿਸ਼ਨਾਵਾਂ ਕਲਪਨਾਵਾਂ ਫੁਰਨੇ ਕੁਫੁਰਨੇ ਰੂਪੀ ਬਾਦ-ਬਿਬਾਦ ਝਗੜੇ-ਝੇੜੇ ਤਿਆਗ ਕੇ ਆਤਮ ਰਸੈਣੀ ਗੁਰਮਤਿ ਜੋਗੀ ਦੀ ਸਮਾਈ ਸਦਾ ਹੀ ਪ੍ਰਮਾਤਮੀ ਮੰਡਲਾਂ ਵਿਚ ਰਹਿੰਦੀ ਹੈ ਅਤੇ ਪਰਮਾਤਮਾ ਦੇ ਮੰਡਲਾਂ ਵਿਚ ਹੀ ਸੱਚੇ ਜੋਗੀ ਦਾ ਆਸਣ ਬਝਿਆ ਰਹਿੰਦਾ ਹੈ। ਏਸੇ ਆਤਮ ਪਰਮਾਤਮ ਅਸਥਾਪਣੀ ਆਸਣ ਵਿਖੇ ਗੁਰਮਤਿ ਜੋਗੀ ਦਾ ਸਮਾਧੀ ਲਾ ਕੇ ਬੈਠੇ ਰਹਿਣਾ, ਭਾਵ, ਸਦਾ ਸਮਾਧ-ਸਥਿਤ ਰਹਿਣਾ ਨਸੀਬ ਹੋ ਜਾਂਦਾ ਹੈ। ਤਿਸ ਸਮਾਧ-ਸਥਿਤ ਸਿੰਘਾਸਣ ਤੇ ਬਿਰਾਜਮਾਨ ਹੋਇਆਂ ਸੱਚੇ ਗੁਰਮਤਿ ਜੋਗੀ ਸੰਨਿਆਸੀ ਦੀ ਸਦਾ ਹੀ ਸ਼ਬਦ ਰੂਪੀ ਸਿੰਙੀ ਬਜਦੀ ਰਹਿੰਦੀ ਹੈ, ਜਿਸ ਦੀ ਧੁਨੀ ਅਤੀ ਅਸਚਰਜ ਸੋਭਾ ਵਾਲੀ ਹੁੰਦੀ ਹੈ ਅਤੇ ਇਸ ਸਿੰਙੀ ਦਾ ਨਾਦ ਦਿਨੇ ਰਾਤ ਹੀ ਪੂਰੀਦਾ ਰਹਿੰਦਾ ਹੈ (ਬਜਦਾ ਰਹਿੰਦਾ ਹੈ)।

ਇਹ ਜੋ ਜੋਗੀਆਂ ਪਾਸ ਪਾਖੰਡ ਮਈ ਖੱਪਰ ਚਿੱਪੀ ਹੁੰਦੀ ਹੈ, ਇਸ ਚਿੱਪੀ ਖੱਪਰ ਨੂੰ ਹੱਥ ਵਿਚ ਫੜੀ ਰਖਣ ਦਾ ਅਭਿਮਾਨ ਹੀ ਜੋਗੀਆਂ ਸੰਨਿਆਸੀਆਂ ਨੂੰ ਖਾ ਜਾਂਦਾ ਹੈ। ਕਈ ਪਾਖੰਡੀ ਸੰਨਿਆਸੀ ਜੋਗੀ ਤਾਂ ਇਸ ਫੋਕਟ ਕਿਰਿਆ ਵਿਚ ਫੋਕਾ ਪਾਣੀ ਪਾ ਕੇ ਅਤੇ ਲੋਕਾਂ ਨੂੰ ਵਰਤਾ ਕੇ ਬੜੇ ਫੋਕੇ ਪਾਖੰਡ ਰਚਾਉਂਦੇ ਹਨ। ਇਸ ਫੋਕੀ ਚਿੱਪੀ ਮਈ ਫੋਕੇ ਖੱਪਰ ਦੇ ਥਾਉਂ ਗੁਰਮਤਿ ਵਿਚਾਰ ਨੂੰ ਸਦੀਵ ਲਈ ਹਿਰਦੇ ਅੰਦਰ ਧਾਰੀ ਰਖਣਾ ਸੱਚੇ ਪਾਤਸ਼ਾਹ ਦੇ ਗੁਰਸਿੱਖਾਂ ਪ੍ਰਤੀ ਦ੍ਰਿੜ੍ਹਾਇਆ ਹੈ। ਪਾਖੰਡੀ ਜੋਗੀ ਸੰਨਿਆਸੀ ਸਰੀਰ ਤੇ ਸਵਾਹ ਮਲ ਕੇ ਸੱਚੇ ਜੋਗ ਸੰਨਿਆਸ ਵਲੋਂ ਸਦਾ ਹੀ ਉਖੜੇ ਰਹਿੰਦੇ ਹਨ। ਗੁਰਮਤਿ ਅੰਦਰ ਵਾਹਿਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਸਮਝਣਾ, ਇਹ ਹੀ ਸੱਚੀ ਭਸਮ ਚੜ੍ਹਾਉਣੀ ਹੈ ਅਤੇ ਸੰਨਿਆਸੀਆਂ ਜੋਗੀਆਂ ਵਾਲੇ ਫੋਕਟ ਕੁੜਾਵੀ ਡੰਡੇ ਦੇ ਥਾਂ ਗੁਰਮਤਿ ਨਾਮ ਰੂਪੀ ਸੱਚਾ ਡੰਡਾ ਧਾਰੀ ਰਖਣਾ ਪਰਮ ਸਾਰ ਤੱਤ ਬ੍ਰਹਮ-ਗਿਆਨ ਹੈ। ਸਾਡੀ ਅਰਥਾਤ ਗੁਰਮਤਿ ਧਾਰਨੀ ਸੱਚੇ ਜਗਿਆਸੂਆਂ ਦੀ ਸੱਚੀ ਰਹਿਰਾਸ ਵਾਹਿਗੁਰੂ ਕੀਰਤਨ ਅਤੇ ਗੁਰਬਾਣੀ ਦਾ ਅਖੰਡ ਰਟਨ ਹੀ ਹੈ। ਸਰੀਰ ਨੂੰ ਕੁੜਾਵੀ ਕਿਰਿਆ ਦੁਆਰਾ ਸਵਾਰਨ ਪਲੋਸਣ ਦੇ ਥਾਉਂ ਸਦਾ ਹੀ ਗੁਰਮੁਖਿ ਬਣ ਕੇ ਸੱਚਾ ਗੁਰਮਤਿ ਪੰਥ ਧਾਰਨਾ, ਇਹ ਹੀ ਸਚੜੀ ਅਤੀਤ ਕਿਰਿਆ ਹੈ, ਜੋ ਗੁਰਮਤਿ ਜੋਗੀ ਸੰਨਿਆਸੀਆਂ ਨੇ ਸਦਾ ਹੀ ਧਾਰੀ ਰਖਣੀ ਹੈ; ਅਤੇ ਪਰਮਾਤਮਾ ਜੋਤੀ ਸਰੂਪ ਦੀ ਸਗਲੀ ਜੋਤਿ ਵਿਖੇ ਬ੍ਰਿਤੀ ਨੂੰ ਜੋੜੀ ਰਖਣਾ ਹੀ ਗੁਰਮਤਿ ਸੱਚੇ ਜੋਗੀਆਂ ਸੰਨਿਆਸੀਆਂ ਦੀ ਸੱਚੀ ਸੰਮਿਆ (ਬੈਰਾਗਣ) ਟਿਕਟਿਕੀ ਹੈ। ਅਨੇਕ ਪ੍ਰਚਾਰ ਦੇ ਵਰਨਾਂ ਵਿਚ ਜੋ ਏਕ ਜੋਤਿ ਸਮਾਏ ਰਹੀ ਹੈ, ਉਸੇ ਜੋਤਿ-ਕਲਾ-ਆਧਾਰ ਉਤੇ ਹੀ ਗੁਰਮੁਖਿ ਜੋਗੀ ਸੰਨਿਆਸੀਆਂ ਨੇ ਸੱਚੀ ਬ੍ਰਿਤੀ ਜੋੜੀ ਰਖਣੀ ਹੈ। ਗੁਰੂ ਨਾਨਕ ਸਾਹਿਬ ਭਰਥਰ ਜੋਗੀ ਪ੍ਰਥਾਇ ਇਹ ਉਪਦੇਸ਼ ਉਚਾਰਣ ਕਰ ਕੇ ਸਗਲ ਜੋਗੀ ਸੰਨਿਆਸੀਆਂ ਭੇਖ-ਧਾਰੀਆਂ ਨੂੰ ਸੱਚੇ ਮਾਰਗ 'ਤੇ ਪਾਉਂਦੇ ਹਨ ਅਤੇ ਸੱਚੇ ਪਾਰਬ੍ਰਹਮ ਏਕੋ ਵਾਹਿਗੁਰੂ ਦੇ ਸਰੂਪ ਵਿਚ ਲਿਵ ਲਾਉਣੀ ਸਿਖਾਉਂਦੇ ਹਨ।

**ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥**

**ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥**

**ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥**

**ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ਰਹਾਉ ॥**

**ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥**

**ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥**

**ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥**

**ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥**

**ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥**

**ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥**

**(ਆਸਾ ਮ: ੧, ਪੰਨਾ: ੩੬੦)**

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਜੋਗੀਆਂ ਦੀ ਸ਼ਰਾਬ-ਪੀਣੀ-ਵਾਦੀ ਨੂੰ ਖੰਡਨ ਕਰਦੇ ਹੋਏ ਇਕ ਪ੍ਰਕਾਰ ਸੰਸਾਰ ਭਰ ਦੇ ਸਾਰੇ ਸ਼ਰਾਬੀਆਂ ਨੂੰ, ਸ਼ਰਾਬ ਪੀਣੇ ਹੋਛੇ ਮਤਵਾਲਿਆਂ ਨੂੰ ਸੰਬੋਧਨ ਕਰਕੇ ਕੁੜਾਵੀ ਸ਼ਰਾਬ ਨੂੰ ਨਿੰਦਤ ਗਰਦਾਨਿਆ ਹੈ ਤੇ ਗੁਰਮਤਿ ਰੂਪੀ ਸੱਚੀ ਸ਼ਰਾਬ ਨੂੰ ਸਰਾਹਿਆ ਹੈ, ਤੇ ਇਸ ਸੱਚੀ ਸ਼ਰਾਬ ਨੂੰ ਝੂਠੀ ਸ਼ਰਾਬ ਦੇ ਮੁਕਾਬਲੇ ਕੱਢਣ ਦਾ ਇਸ ਬਿਧ ਯਤਨ ਉਦਮ ਪ੍ਰਤੀਪਾਦਨ ਕੀਤਾ ਹੈ:

ਕੁੜਾਵੇ ਸ਼ਰਾਬੀਆਂ ਦੀ ਸ਼ਰਾਬ ਵਿਚ ਗੁੜ ਪੈਂਦਾ ਹੈ, ਉਸ ਦੇ ਥਾਉਂ ਸੱਚੇ ਪਾਤਸ਼ਾਹ ਗੁਰਮਤਿ-ਗਿਆਨ ਰੂਪੀ ਸੱਚਾ ਗੁੜ ਪਾਉਂਦੇ ਹਨ ਅਤੇ ਮਹੂਏ (ਧਾਵੈ) ਨੂੰ ਸੱਚਾ ਗੁਰਮਤਿ-ਧਿਆਨ ਬਣਾਉਂਦੇ ਹਨ, ਭਾਵ, ਗੁਰਮਤਿ ਧਿਆਨ ਨੂੰ ਧਾਵੈ (ਮਹੂਏ) ਦੇ ਥਾਉਂ ਵਰਤਦੇ ਹਨ। ਗੁਰਮਤਿ ਅੰਦਰ ਨਾਮ ਅਭਿਆਸ ਰੂਪੀ ਸੱਚਾ ਧਿਆਨ ਜਮਾਉਣਾ ਮਹੂਏ ਰੂਪੀ ਧਾਵੈ ਨੂੰ ਸੱਚੀ ਸ਼ਰਾਬ ਵਿਖੇ ਮਿਲਾਉਣਾ ਹੈ। ਗੁਰਮਤਿ ਨਾਮ ਅਭਿਆਸ 'ਤੇ ਧਿਆਨ ਜਮਾਇਆਂ ਉਹ ਸੱਚਾ ਅਮਲ (ਨਸ਼ਾ) ਗੁਰਮਤਿ-ਜਗਿਆਸੂ ਜਨ ਨੂੰ ਚੜ੍ਹਦਾ ਹੈ ਕਿ ਜਿਸ ਦੇ ਚੜ੍ਹਨ ਸਾਰ ਹੀ ਗੁਰਮਤਿ-ਗਿਆਨ ਰੂਪੀ ਰਸ-ਜੋਤਿ ਦਾ ਨਿਵਾਸ ਹੋ ਜਾਂਦਾ ਹੈ ਅਤੇ ਨਕਲੀ ਸ਼ਰਾਬ ਦੇ ਬਨਾਉਣ ਵਾਂਗੂੰ ਨਾ ਹੀ ਗੁੜ ਦੇ ਮਿਲਾਉਣ ਦੀ ਲੋੜ ਪੈਂਦੀ ਹੈ ਅਤੇ ਨਾ ਧਾਵੈ ਦੇ ਫੁੱਲ (ਮਹੂਏ) ਨੂੰ ਵਿਚ ਪਾਉਣ ਦੀ ਲੋੜ ਪੈਂਦੀ ਹੈ। ਕਿੱਕਰ ਦੇ ਕਸ ਨੂੰ ਨਕਲੀ ਸ਼ਰਾਬ ਵਿਚ ਇਸ ਕਰਕੇ ਪਾਇਆ ਜਾਂਦਾ ਹੈ ਕਿ ਇਸ ਕਸ ਨਾਲ ਸ਼ਰਾਬ ਦਾ ਨਸ਼ਾ ਬਹੁਤ ਚੜ੍ਹੇ, ਕਸ ਦੇ ਥਾਉਂ ਗੁਰਮਤਿ ਅੰਦਰ ਕਰਣੀ ਹੀ ਪ੍ਰਧਾਨ ਹੈ, ਭਾਵ ਨਾਮ ਅਭਿਆਸ ਦੀ ਕਮਾਈ (ਕਰਨੀ) ਜਿਉਂ ਜਿਉਂ ਅਧਿਕ ਸੁਕ੍ਰਿਤ ਸਹਿਤ ਕੀਤੀ ਜਾਵੇਗੀ, ਤਿਉਂ ਤਿਉਂ ਨਾਮ ਦੇ ਨਸ਼ੇ ਭੀ ਅਧਿਕ ਤੋਂ ਅਧਿਕ ਗੂੜ੍ਹੇ ਰੰਗਾਂ ਵਿਚ ਚੜ੍ਹਨਗੇ। ਤਾਂ ਤੇ ਕਰਣੀ (ਸੁਕ੍ਰਿਤ ਕਰਣੀ) ਕਰਨ ਨੂੰ, ਭਾਵ, ਗੁਰਮਤਿ ਨਾਮ ਅਭਿਆਸ ਕਮਾਈ ਕਰਨ ਨੂੰ, ਨਾਮ ਦਾ ਰੰਗ ਖਿੜਾਉਣ ਲਈ ਸੱਚਾ ਕਸ ਗੁਰੂ ਸਾਹਿਬ ਨੇ ਪ੍ਰਧਾਨ ਮੰਨਿਆ ਹੈ, "ਕਰਿ ਕਰਣੀ ਕਸੁ ਪਾਈਐ" ਦਾ ਭਾਵ; ਕਮਾਈ ਕਰਨਾ ਹੀ ਕਸ ਪਾਉਣਾ ਹੈ। ਸ਼ਰਾਬੀ ਲੋਗ ਜੋ ਸ਼ਰਾਬ ਦੀ ਭੱਠੀ ਪਾਉਂਦੇ ਹਨ, ਉਸ ਭੱਠੀ ਦੇ ਥਾਉਂ ਸ਼ਰਧਾ ਭਾਵਨੀ

(ਭਵਨੁ) ਰੂਪੀ ਭੱਠੀ ਦਾ ਚਾੜ੍ਹਨਾ ਗੁਰਮਤਿ ਅੰਦਰ ਪ੍ਰਵਾਨ ਹੈ ਅਤੇ ਸ਼ਰਾਬੀ ਲੋਗ ਭੱਠੀ ਚੋਂ ਸ਼ਰਾਬ ਕੱਢਣ ਲਈ ਜੋ ਠੰਡੇ ਪਾਣੀ ਦਾ ਪੋਚਾ ਦੇਂਦੇ ਹਨ, ਉਸ ਪੋਚੇ ਦੇ ਥਾਉਂ ਪ੍ਰੇਮ ਦਾ ਪੋਚਾ ਹੀ ਦਿਤਾ ਜਾਂਦਾ ਹੈ, ਅਰਥਾਤ, ਨਾਮ ਅਭਿਆਸ ਨੂੰ ਸ਼ਰਧਾ ਭਾਵਨੀ ਦੀ ਸੱਚੀ ਭੱਠੀ ਦੀ ਤਪਸ਼ (ਤੇਜ਼ੀ) ਦੂਰ ਕਰਨ ਲਈ ਪ੍ਰੇਮ ਮਈ ਸੱਚੇ ਪੋਚੇ ਦੇਣ ਦੀ ਲੋੜ ਹੈ। ਇਸ ਪ੍ਰਕਾਰ ਦੇ ਬਣੇ ਰਸ ਤੋਂ ਅੰਮ੍ਰਿਤ ਚੁਆਈਦਾ ਹੈ ਅਤੇ ਅੰਮ੍ਰਿਤ-ਭਿੰਨਾ ਸੱਚਾ ਅਮਲ (ਨਸ਼ਾ) ਚੜ੍ਹਾਈਦਾ ਹੈ। ਇਸ ਪ੍ਰਕਾਰ ਦਾ ਅੰਮ੍ਰਿਤ-ਰਸ ਪੀ ਕੇ ਮਨ ਸਦਾ ਲਈ ਖੀਵਾ (ਮਤਵਾਲਾ) ਰਹਿੰਦਾ ਹੈ ਅਤੇ ਸਹਜ ਅਵਸਥਾ ਦੇ ਆਤਮ ਚਲੂਲੇ ਰੰਗਾਂ ਵਿਚ ਰਚਿਆ ਸੁਰਚਿਆ ਰਹਿੰਦਾ ਹੈ ਅਤੇ ਪ੍ਰੇਮ-ਰੰਗਾਂ ਵਿਚ ਐਸੀ ਲਿਵ ਲਗਦੀ ਹੈ ਕਿ ਅਨਦਿਨ ਲਿਵ ਬਣੀ ਹੀ ਰਹਿੰਦੀ ਹੈ। ਗੁਰਮਤਿ ਕੀਰਤਨ ਰਹੱਸ ਮਈ ਅਨਹਦ ਸ਼ਬਦ ਬੱਜਣਾ ਐਸਾ ਅਰੰਭ ਹੁੰਦਾ ਹੈ ਕਿ ਸਦਾ ਬਜਦਾ ਹੀ ਰਹਿੰਦਾ ਹੈ। ਇਸ ਅੰਮ੍ਰਿਤ ਮਈ ਸੱਚੀ ਸ਼ਰਾਬ ਦਾ ਪਿਆਲਾ ਪੂਰ ਕੇ ਨਾਮ ਅਭਿਆਸੀ ਜਨ ਇਸ ਨੂੰ ਗਟ ਗਟ ਪੀਂਦਾ ਹੀ ਰਹਿੰਦਾ ਹੈ ਅਤੇ ਪੀ ਕੇ ਸਹਜ ਬਿਵਸਥਾ ਵਿਚ ਜੀਰੀਂਦਾ ਹੀ ਰਹਿੰਦਾ ਹੈ, ਪ੍ਰੰਤੂ ਇਹ ਸਭ ਨਦਰ ਮੇਹਰ ਦੀ ਖੇਡ ਹੀ ਹੈ।

ਇਸ ਮਸਤੁਲ ਮਸਤ ਕਰਨਹਾਰੇ ਉਲਸ ਪਿਆਲੇ ਦੀ ਅਜਰ ਜਰਨੀ ਜੀਰਾਂਦ ਤਿਸੇ ਵਡਭਾਗੇ ਅਭਿਆਸੀ ਜਨ ਨੂੰ ਹੀ ਜੀਰਾਉਂਦਾ ਪਿਆਉਂਦਾ ਹੈ ਜਿਸ ਉਪਰ ਸੱਚਾ ਨਦਰਾਲੂ ਵਾਹਿਗੁਰੂ ਨਦਰਿ ਮਿਹਰ ਕਰੇ। ਇਹ ਅੰਮ੍ਰਿਤ ਰਸ ਦਾ ਵਾਪਾਰੀ ਅਭਿਆਸਾ-ਚਾਰੀ ਜੋ ਜਨ ਹੋ ਜਾਂਦਾ ਹੈ, ਸੋ ਹੋਛੇ ਅਤੇ ਛੂਛੇ ਰਸਾਂ ਕਸਾਂ ਸ਼ਰਾਬ ਆਦਕਾਂ ਨਾਲ ਉੱਕਾ ਹੀ ਭਾਉ ਲਗਾਉ ਪਿਆਰ ਨਹੀਂ ਧਰਦਾ, ਗੁਰੂ ਦੀ ਸਿਖਿਆ (ਸਾਖੀ) ਗੁਰ-ਦੀਖਿਆ ਰੂਪੀ ਅੰਮ੍ਰਿਤ ਬਾਨੀ ਨੂੰ ਪੀ ਕੇ ਹੀ ਸਦਾ ਸ਼ਾਦਾਬ ਰਹਿੰਦਾ ਹੈ, ਉਸ ਅੰਮ੍ਰਿਤ ਰੂਪੀ ਗੁਰਬਾਣੀ ਦੇ ਨਸ਼ੇ ਨੂੰ ਸੋਈ ਜਨ ਜਾਣਦਾ ਹੈ, ਜਿਸ ਨੇ ਇਹ ਅੰਮ੍ਰਿਤ ਰਸਾਇਣੀ ਸੱਚੀ ਸ਼ਰਾਬ ਪੀਤੀ ਹੋਵੇ, ਬਸ "ਪੀਵਤ ਹੀ ਪਰਵਾਣੁ ਭਇਆ" ਵਾਲੀ ਗੱਲ ਹੈ। ਦਰ ਦਰਸ਼ਨ ਦਾ ਪ੍ਰੀਤਮ (ਪ੍ਰੇਮੀ ਜਨ) ਜੋ ਹੋ ਜਾਂਦਾ ਹੈ, ਉਸ ਨੂੰ ਮੁਕਤ ਬੈਕੁੰਠ ਬਾਂਛਣ ਦੀ ਕੋਈ ਲੋੜ ਨਹੀਂ ਰਹਿੰਦੀ, ਵਾਹਿਗੁਰੂ ਨਾਮ ਦੀ ਸਿਫਤ ਸਾਲਾਹ ਵਿਚ ਰੱਤਾ ਹੋਇਆ ਅਜਿਹਾ ਖੀਵਾ ਜਨ ਸਦਾ ਹੀ ਬੈਰਾਗੀ ਅਤੇ ਹੋਛੀ ਸ਼ਰਾਬ ਵਰਗੇ ਹੋਛੇ ਰਸਾਂ ਦਾ ਤਿਆਗੀ ਰਹਿੰਦਾ ਹੈ, ਉਹ ਆਪਣੇ ਅਮੋਲਕ ਮਨੁਸ਼ਾ ਜਨਮ ਨੂੰ ਭੰਗ ਦੇ ਭਾੜੇ ਜੂਏ ਵਿਚ ਨਹੀਂ ਹਾਰਦਾ। ਗੁਰੂ ਸਾਹਿਬ ਜੋਗੀਆਂ ਵਿਚ ਭਰਥਰ ਜੋਗੀ ਨੂੰ ਸੈਂਹੇਂ ਹੋ ਕੇ ਇਉਂ ਉਚਾਰਦੇ (ਫ਼ੁਰਮਾਉਂਦੇ) ਹਨ ਕਿ ਸੁਣ ਭਰਥਰ ਜੋਗੀ! ਕੇਵਲ ਅੰਮ੍ਰਿਤ ਧਾਰੀ ਹੋ ਕੇ ਸੱਚਾ ਮਸਤ ਮਤਵਾਲਾ ਖੀਵਾ ਬਣੀਦਾ ਹੈ:

**ਖਟੁ ਦਰਸਨ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਪਰ ਅਪਾਰਾ॥੧॥੪੦॥**
**(ਆਸਾ ਮ: ੩, ਪੰਨਾ: ੩੬੦-੬੧)**

ਵਾਲੇ ਗੁਰਵਾਕ ਅੰਦਰ ਆਈ ਇਸ ਤੋਂ ਉਪਰ ਲਿਖੀ ਦੋ-ਤੁਕੀ ਦਾ ਸਪਸ਼ਟ ਭਾਵ ਇਹ ਹੈ ਕਿ ਸੰਸਾਰੀ ਬਦਚਾਰੀ ਲੋਗ ਛਿਆਂ ਸ਼ਾਸਤ੍ਰਾਂ (ਖਟ ਦਰਸ਼ਨਾਂ) ਦੀ ਵਰਤੋਂ ਵਿਚ ਹੀ ਉਲਝੇ ਰਹਿੰਦੇ ਹਨ, ਪਰੰਤੂ ਗੁਰਮਤਿ ਨਾਮ ਅਭਿਆਸਾਚਾਰੀ ਅਭਿਆਸੀ ਜਨ ਅਗਮ ਅਪਾਰੀ ਵਾਹਿਗੁਰੂ ਗੁਰੂ ਦਰਸ਼ਨ ਦੇ ਵਾਪਾਰੀ ਬਣੇ ਰਹਿੰਦੇ ਹਨ। ਇਹ ਵਾਹਿਗੁਰੂ ਦਾ ਦਰਸ਼ਨ ਵਡੇ ਭਾਗਾਂ ਨਾਲ ਗੁਰ ਸ਼ਬਦ ਦੀ ਅਭਿਆਸ ਕਮਾਈ ਦੁਆਰਾ ਹੀ ਪ੍ਰਾਪਤ ਕਰੀਦਾ ਹੈ ਅਤੇ ਸੱਚੇ ਵੈਰਾਗ ਦੀ ਮੁਕਤ-ਦਰਸ਼ਨੀ-ਪ੍ਰਾਪਤੀ ਭੀ ਏਥੋਂ ਹੀ ਹੁੰਦੀ ਹੈ। ਹੋਰ ਭੇਖਾਂ ਮਜ਼ਹਬਾਂ ਤੋਂ ਕਢ ਕੇ ਨਿਰੋਲ ਵਾਹਿਗੁਰੂ ਭਾਉ-ਭਗਤੀ ਤੇ ਉਤਮ ਮਾਰਗ ਵਲ ਲਿਆਉਣਹਾਰਾ ਕੇਵਲ ਗੁਰਮਤਿ-ਗਿਆਨ ਤੇ ਵਾਹਿਗੁਰੂ-ਦਰਸ਼ਨ-ਧਿਆਨ ਹੀ ਹੈ। ਖਟ ਦਰਸ਼ਨਾਂ ਛਿਆਂ ਸ਼ਾਸਤ੍ਰਾਂ, ਹਿੰਦੂ ਮਤ ਦੇ ਚਹੁੰਆਂ ਵੇਦਾਂ ਵਿਚ ਕੁਛ ਨਹੀਂ ਧਰਿਆ ਪਿਆ; ਖਟ ਦਰਸ਼ਨ (ਛੇ ਸ਼ਾਸਤ੍ਰ) ਅਤੇ ਚਾਰੇ ਵੇਦ ਸੱਚੀ ਸ਼ਕਤੀ ਤੇ ਕਲਿਆਣ ਕਰਾਉਣ ਨੂੰ ਸਮਰੱਥ ਨਹੀਂ, ਵਾਹਿਗੁਰੂ-ਦਰਸ਼ਨ ਤਾਂ ਇਹਨਾਂ ਕੀ ਕਰਵਾਉਣਾ ਸੀ! ਇਹ ਕੇਵਲ ਗੁਰਮਤਿ ਰੂਪੀ ਦਰਸ਼ਨ ਹੀ ਹੈ ਜਿਸ ਦੁਆਰਾ ਕਿ ਵਾਹਿਗੁਰੂ-ਦਰਸ਼ਨ ਰੂਪੀ ਸੱਚੀ ਕਲਿਆਣ (ਗਤੀ) ਪ੍ਰਾਪਤ ਹੁੰਦੀ ਹੈ।

**ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਬਾਜੈ ਬੇਨ॥**
**ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ॥੧॥**
**ਜੋਗੀ ਹਰਿ ਦੇਹੁ ਮਤੀ ਉਪਦੇਸੁ॥**
**ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ॥੧॥ਰਹਾਉ॥**
**ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ॥**
**ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ॥੨॥**
**ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ॥**
**ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ॥੩॥**
**ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ॥**
**ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ॥੪॥੯॥੬੧॥**
**(ਮ: ੪ ਰਾਗੁ ਆਸਾ ਘਰੁ ੬ ਕੇ ੩, ਪੰਨਾ: ੩੬੮)**

ਇਸ ਗੁਰਵਾਕ ਦੁਆਰਾ ਜੋਗੀਆਂ ਦੀ ਥੋਥੀ ਕਿਰਿਆ, ਗਾਉਣ ਬਜਾਉਣ ਦੀ, ਖੰਡਨ ਕੀਤੀ ਗਈ ਹੈ, ਗੁਰਮਤਿ ਸੰਗੀਤ ਕੀਰਤਨ ਸਿਫਤ ਸਾਲਾਹ ਨੂੰ ਹੀ ਮੁਖ ਜਣਾਇ ਕੇ ਮੰਡਨਾਇਆ ਗਿਆ ਹੈ। ਜੋਗੀ ਲੋਕ ਜੋ ਹੱਥਾਂ ਨਾਲ ਤੰਤੀ ਨੂੰ ਬਜਾਉਂਦੇ ਫਿਰਦੇ ਹਨ ਤੇ ਘਰ ਘਰ ਮੰਗਦੇ ਹਨ, ਇਸ ਕਿਰਿਆ ਨੂੰ ਗੁਰਮਤਿ ਅਨੁਸਾਰ ਫੋਕਟ ਹੀ ਗਰਦਾਨਿਆ ਗਿਆ ਹੈ। ਜੋਗੀਆਂ ਨੂੰ ਸਨਮੁਖ ਸੰਬੋਧਨ ਕਰ ਕੇ ਬਥੇਰਾ ਸਮਝਾਇਆ ਗਿਆ ਕਿ ਹੇ ਜੋਗੀ! ਜੋ ਤੂੰ ਹੱਥਾਂ ਨਾਲ ਥੋਥੀ ਕਿੰਗਰੀ ਬਜਾਉਂਦਾ ਹੈ, ਇਹ ਤੇਰੀ ਬੇਅਰਥੀ ਬੀਨ ਬਜਦੀ ਹੈ, ਇਸ ਦੇ ਥਾਉਂ ਜੇ ਤੂੰ ਗੁਰੂ ਦਵਾਰਾ ਗੁਰ-ਦੀਖਿਆ ਲੈ ਕੇ ਵਾਹਿਗੁਰੂ ਦੇ ਗੁਣ ਗਾਵੇਂ ਤਾਂ ਤੇਰਾ ਇਹ ਮਨੂਆ ਵਾਹਿਗੁਰੂ ਦੇ ਰੰਗਾਂ ਵਿਚ ਭਿਜ ਜਾਵੇ, ਤਾਹੀਂ ਤੇਰਾ ਗਾਵਣਾ ਬਜਾਵਣਾ ਥਾਇਂ ਪੈ ਸਕਦਾ ਹੈ। ਲੋਕਾਂ ਨੂੰ ਸੁਣਾਵਣਾ ਭੀ ਤਦੇ ਥਾਂ ਪੈ ਸਕਦਾ ਹੈ ਜੇ ਤੂੰ ਗੁਰਮਤਿ-ਉਪਦੇਸ਼ ਲੈ ਕੇ ਗਾਵੇਂ ਬਜਾਵੇਂ ਤੇ ਸੁਣਾਵੇਂ। ਹੇ ਜੋਗੀ ਲੋਗੋ! ਜੋ ਤੁਸੀਂ ਪਰਸਪਰ (ਆਪਸ ਮੈਂ) ਆਦੇਸ ਆਦੇਸ ਦੀ ਧੁਨੀ ਲਾ ਕੇ ਇਕ ਦੂਜੇ ਨੂੰ ਪ੍ਰਨਾਮ ਕਰਦੇ ਹੋ, ਇਸ ਦੇ ਥਾਉਂ ਗੁਰਮਤਿ ਅਨੁਸਾਰ ਸੱਚੇ ਵਾਹਿਗੁਰੂ ਨੂੰ ਹੀ, ਜੋ ਸਦਾ ਇਕੋ ਜਿਹਾ ਵਰਤਦਾ ਹੈ, ਆਦੇਸ ਕਰਨਾ ਪ੍ਰਵਾਨ ਹੈ। ਸ਼ਿਵ ਜੀ ਗੋਰਖ ਆਦਿ ਵੇਲੇ ਸਿਰ ਬਦਲਦੇ ਅਵਤਾਰਾਂ ਨੂੰ ਮੰਨਣਾ ਤੇ ਆਦੇਸ ਕਰਨਾ ਮਹਾਂ ਮਨਮਤਿ ਹੈ। ਗੁਰਮਤਿ ਅਨੁਸਾਰ ਸਦਾ ਇਕ-ਰਸ ਰਹਿਣ ਵਾਲੇ ਆਦਿ ਜੁਗਾਦੀ ਤੇ ਸਦੀਵੀ ਰਹਿਣ ਵਾਲੇ ਵਾਹਿਗੁਰੂ ਪਰਮਾਤਮਾ ਨੂੰ ਹੀ ਪ੍ਰਨਾਮ ਕਰਨਾ ਗੁਰਮਤਿ ਹੈ।

ਜੋ ਤੁਸੀਂ ਆਪਣੇ ਮਨ-ਮੰਨੇ ਤਰੀਕੇ ਨਾਲ ਮੂੰਹ-ਆਈਆਂ ਬੋਲੀਆਂ ਬੋਲ ਕਰ ਕੇ ਭਾਂਤ ਭਾਂਤ ਦੇ ਰਾਗ ਅਲਾਪਦੇ ਹੋ ਅਤੇ ਕੱਚੀਆਂ ਬਾਣੀਆਂ ਬੋਲਦੇ ਫਿਰਦੇ ਹੋ, ਇਹ ਸਭ ਨਿਸਫਲ ਹਨ, ਕਿਉਂਕਿ ਇਹਨਾਂ ਕੱਚੀਆਂ ਬਾਣੀਆਂ, ਬੋਲਾਂ-ਕੁਬੋਲਾਂ ਦੁਆਰਾ ਤੁਹਾਡੀ ਸੁਰਤੀ ਬਿਰਤੀ ਸਦਾ ਖਿੰਡੀ ਰਹਿੰਦੀ

ਹੈ ਅਤੇ ਮਨ ਤੁਸਾਡਾ ਹੋਰ ਹੋਰ ਹੀ ਖੇਡਾਂ ਖੇਡਦਾ ਰਹਿੰਦਾ ਹੈ, ਕਦੇ ਅਸਥਿਰ ਨਹੀਂ ਰਹਿੰਦਾ। ਇਹ ਚੰਚਲ ਮਨੂਆ ਕੇਵਲ ਪਾਰਸ ਰੂਪੀ ਅੰਮ੍ਰਿਤ ਬਾਣੀ ਦੁਆਰਾ ਹੀ ਅਸਥਿਰ ਰਹਿੰਦਾ ਹੈ ਅਤੇ ਸੂਤ ਹੋਇ ਆਉਂਦਾ ਹੈ। ਖੂਹ ਇਸ ਲਈ ਜੋਈਦਾ ਹੈ ਕਿ ਖੇਤ ਨੂੰ ਪਾਣੀ ਮਿਲੇ ਅਤੇ ਸਬਜ਼ੀ ਵਧੇ ਫੁਲੇ, ਪਰ ਹੁੰਦਾ ਇਹ ਹੈ ਕਿ ਖੂਹ ਵਾਲੇ ਬਲਦ ਹੀ ਬੇਲਾਂ ਖਾ ਜਾਂਦੇ ਹਨ, ਤੇ ਖੂਹ ਜੋੜਨ ਦਾ ਆਹਰ ਸਭ ਬੇਅਰਥ ਜਾਂਦਾ ਹੈ। ਇਹ ਮਨੂਆ ਬੈਲ ਦੀ ਨਿਆਈਂ ਹੈ, ਜੋ ਸਦਾ ਬੇਲ ਪ੍ਰਾਈ ਹੀ ਜੋਹਿੰਦਾ ਰਹਿੰਦਾ ਹੈ, ਅਸਥਿਰ ਕਦੇ ਨਹੀਂ ਹੁੰਦਾ ਅਤੇ ਉਤੋਂ ਉਤੋਂ ਹੀ ਰਾਗ ਨਾਦ ਅਲਾਪਦਾ ਰਹਿੰਦਾ ਹੈ। ਇਹ ਅਲਾਪਿਆ ਹੋਇਆ ਰਾਗ ਕਿਸੇ ਅਰਥ ਨਹੀਂ ਆਉਂਦਾ। ਇਹ ਤੁਸਾਡੀ ਮਨ-ਮੰਨੀ ਰਾਗ-ਨਾਦੀ-ਧਾਰਮਿਕ ਕਿਰਿਆ ਸਾਰੀ ਦੀ ਸਾਰੀ ਹੀ ਬਿਰਥੀ ਜਾਂਦੀ ਹੈ, ਕੋਈ ਅਮਲੀ ਜੀਵਨ ਨਹੀਂ ਬਣਾਉਂਦੀ। ਨਾ ਤੁਹਾਡੇ ਗਾਵਣਹਾਰਿਆਂ ਦਾ ਅਮਲੀ ਜੀਵਨ ਬਣਦਾ ਹੈ, ਨਾ ਸੁਨਣਹਾਰਿਆਂ ਦਾ।

ਜੇਕਰ ਤੁਸੀਂ ਗੁਰਮਤਿ ਗੁਰਦੀਖਿਆ ਲੈ ਕੇ ਨਾਮ ਅਭਿਆਸ ਕਮਾਈਆਂ ਕਰੋ ਅਤੇ ਕਾਂਇਆ ਰੂਪੀ ਨਗਰੀ ਵਿਖੇ ਹੀ ਸੁਕ੍ਰਿਤ ਕਰਣੀ ਰੂਪੀ ਬੀਜ ਨੂੰ ਬੋਵੋ ਤਾਂ ਤੁਸਾਡਾ ਸਗਰਾ ਹੀ ਕਾਂਇਆ ਰੂਪੀ ਖੇਤ ਹਰਿਆ ਭਰਿਆ ਹੋ ਜਾਏ, ਅਤੇ ਨਾਮ-ਕਮਾਈਆਂ ਰੂਪੀ ਜੋਤਿ-ਰਸ-ਰੰਗੀ ਸਬਜ਼ੀ ਹੀ ਸਬਜ਼ੀ ਸਾਰੇ ਖੇਤ ਵਿਖੇ ਜੰਮ ਉਠੇ। ਗੁਰਮਤਿ ਨਾਮ ਕਮਾਈ ਦੁਆਰਾ ਅਸਥਿਰ ਹੋਇਆ ਮਨੂਆ ਸਦਾ ਹੀ ਨਾਮ-ਰੰਗ-ਰਸਾਂ ਦੀ ਕਮਾਈ ਵਿਖੇ ਜੁੜਿਆ ਰਹੇ, ਤਿਸ ਨਾਲ ਗੁਰਮਤਿ ਅੰਮ੍ਰਿਤ-ਰਸ ਦਾ ਸਿੰਚਨ ਸਦਾ ਹੀ ਕਾਂਇਆ ਰੂਪੀ ਖੇਤੀ ਵਿਖੇ ਹੁੰਦਾ ਰਹੇ।

ਇਹ ਜੋਗੀ ਜੰਗਮਾਂ ਦੀ, ਆਪ-ਹੁਦਰੀ ਖੇਡ ਜੋ ਤੁਸੀਂ ਰਚੀ ਹੋਈ ਹੈ, ਇਹ ਸਭ ਤੁਹਾਡੀ ਮੂੜ੍ਹ ਮਤਿ ਹੈ। ਜੋਗੀ ਜੰਗਮਾਂ ਦਾ ਫ਼ਿਰਕਾ, ਸਿਰ ਤੇ ਸਰਪ ਦੇ ਸ਼ਕਲ ਦੀ ਰੱਸੀ ਬੰਨ੍ਹ ਕੇ ਅਤੇ ਕੰਨਾਂ ਵਿਚ ਪਿੱਤਲ ਦੀਆਂ ਨੱਤੀਆਂ ਪਾ ਕੇ ਹੀ ਐਵੇਂ ਬੜਾਏ ਫਿਰਦੇ ਹਨ, ਤੇ ਏਸੇ ਫੋਕਟ ਕਿਰਿਆ ਨੂੰ ਹੀ ਕਲਿਆਣਕਾਰੀ ਸਮਝਦੇ ਹਨ, ਇਹ ਨਿਰੀ ਮਨਮਤਿ ਹੈ ਅਤੇ ਗੁਰਮਤਿ ਅਨੁਸਾਰ ਖੰਡਨਕਾਰੀ ਹੈ। ਆਪਣੀ ਮਨ-ਮਤੀ ਰਹੁ-ਰੀਤੀ ਅਨੁਸਾਰ ਤੁਸੀਂ ਕੰਨਾਂ ਵਿਚ ਮੁੰਦਰਾਂ ਪਾ ਕੇ ਚੇਲੇ ਬਣਾਉਂਦੇ ਹੋ, ਸੋ ਕਿਸੇ ਲੇਖੇ ਨਹੀਂ। ਅਸੀਂ ਤਾਂ ਸੱਚੇ ਵਾਹਿਗੁਰੂ ਅੰਤਰਜਾਮੀ ਦੇ ਕਾਇਲ ਅਤੇ ਸ਼ਰਧਾਲੂ ਹਾਂ ਅਤੇ ਉਸੇ ਦੇ ਭਾਣੇ ਅੰਦਰ ਚਲ ਕੇ ਜਿਧਰ ਉਹ ਲਾਉਂਦਾ ਹੈ, ਉਧਰ ਹੀ ਲਗਦੇ ਹਾਂ।

ਅਗਲੇ ਗੁਰਵਾਕ ਅੰਦਰ ਭੀ ਫੋਕਟ ਕਰਣੀ, ਨੱਚਣ ਟੱਪਣ ਵਾਲੇ ਇਹ ਘੁੰਗਰੂ ਤਾਲ ਬਜਾ ਕੇ ਫੋਕੇ ਗੀਤ ਗਾਵਣਹਾਰੇ ਭਗਤੀਆਂ ਦੇ ਭਗਤੀ ਫ਼ਿਰਕੇ ਨੂੰ ਖੰਡਨ ਕੀਤਾ ਗਿਆ ਹੈ। ਇਸ ਨੱਚਣ ਟੱਪਣ ਦੀ ਫੋਕਟ ਕਿਰਿਆ ਨੂੰ ਗੁਰੂ ਸਾਹਿਬ ਇਸ ਬਿਧ ਖੰਡਨ ਕਰਦੇ ਹਨ ਅਤੇ ਸੱਚੇ ਗੁਰਮਤਿ ਮਾਰਗ ਮਈ ਉਪਦੇਸ਼ ਦਾ ਮੰਡਨ ਕਰਦੇ ਹਨ- ਘੁੰਗਰੂ ਤਾਲ ਆਦਿਕ ਇਨ੍ਹਾਂ ਨੂੰ ਟੋਲਦਿਆਂ ਤੇ ਇਕੱਠੇ ਕਰਦਿਆਂ ਤਕੜਾ ਸਮਾਂ ਲਗਦਾ ਹੈ ਅਤੇ ਐਵੇਂ ਵਕਤ ਜ਼ਾਇਆ ਜਾਂਦਾ ਹੈ, ਇਸ ਬਿਧ ਵਕਤ ਜ਼ਾਇਆ ਕਰਨ ਦੇ ਥਾਉਂ ਨਾਮ ਜਪਣ ਵਿਚ ਹੀ ਕਿਉਂ ਨਾ ਜੁਟਿਆ ਜਾਵੇ, ਗੁਰਮਤਿ ਨਾਮ-ਰਸ-ਭਿੰਨੇ ਸਚੜੇ ਭਗਤੀ ਭਾਇ ਵਾਲੇ ਗੁਰਮੁਖਿ ਜਨ ਨੂੰ ਏਨੀ ਵਿਹਲ ਭੀ ਨਹੀਂ ਹੁੰਦੀ ਕਿ ਉਹ ਦੋ ਘੜੀ ਮਨ ਦੀ ਖ਼ੁਸ਼ੀ ਮਾਨਣ ਲਈ ਇਨ੍ਹਾਂ ਚੀਜ਼ਾਂ ਮਗਰ ਦੌੜਦਾ ਫਿਰੇ ਅਤੇ ਅਜਾਈਂ ਸਮਾਂ ਗੁਆ ਦੇਵੇ।

**ਯਥਾ- ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ ॥**
**ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ ॥੧॥ ॥੪॥੧੦॥੬੨॥**
**(ਆਸਾ ਮ: ੪, ਪੰਨਾ: ੩੬੮)**

ਗੁਰਮੁਖਾਂ ਦੇ ਅੰਤਰਗਤਿ ਤਾਂ ਹਰ ਦਮ ਹੀ ਸਾਸ ਗਿਰਾਸ ਭਾਉ-ਭਗਤੀ ਵਾਲੀ ਉਤਸ਼ਾਹਨਾ ਬਣੀ ਰਹਿੰਦੀ ਹੈ, ਉਹ ਤਾਂ ਖਿਨ ਪਲ ਭੀ ਵਾਹਿਗੁਰੂ ਦੀ ਭਗਤੀ ਨਾ ਕਰਨ ਤਾਂ ਵਾਹਿਗੁਰੂ ਨਾਮ ਅਭਿਆਸ ਬਿਨਾਂ ਨਹੀਂ ਰਹਿ ਸਕਦੇ, ਜੈਸੇ ਕਿ ਮਛਲੀ ਖਿਨ ਮਾਤਰ ਪੀ ਜਲ ਬਿਹੂਨ ਮਰ ਜਾਂਦੀ ਹੈ। ਐਨ ਇਹੋ ਭਾਵ ਇਸ ਗੁਰਵਾਕ ਦੀ ਅਗਲੇਰੀ ਰਹਾਉ ਵਾਲੀ ਦੋ-ਪੰਗਤੀ ਦਾ ਹੈ। ਯਥਾ-ਭਾਵ ਇਸ ਗੁਰਵਾਕ ਦੀ ਅਗਲੇਰੀ ਰਹਾਉ ਵਾਲੀ ਦੋ-ਪੰਗਤੀ ਦਾ ਹੈ। ਯਥਾ-

**ਮੇਰੈ ਮਨਿ ਐਸੀ ਭਗਤਿ ਬਨਿ ਆਈ ॥**
**ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ**
**ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥੧॥ ਰਹਾਉ ॥ ॥੪॥੧੦॥੬੨॥**
**(ਆਸਾ ਮ: ੪, ਪੰਨਾ: ੩੬੮)**

ਪੰਜਾਂ ਤਾਰਾਂ ਤੇ ਸੱਤਾ ਸੁਰਾਂ ਵਾਲੇ ਰਾਗ ਅਲਾਪਣ ਦੇ ਖਲਜਗਣ ਵਿਚ ਕਿਹੜਾ ਪਵੇ, ਕਿਉਂਕਿ ਰਾਗ-ਅਲਾਪਣੀ ਤੇ ਸੁਰਾਂ-ਮੇਲਣੀ ਫੋਕਟ-ਕਿਰਿਆ ਵਿਚ ਓੜਕ ਕੁਝ ਚਿਰ ਲਗ ਹੀ ਜਾਂਦਾ ਹੈ, ਸੁਰਾਂ ਮੇਲਦਿਆਂ, ਰਾਗਾਂ ਨੂੰ ਚੁਣਦਿਆਂ ਐਵੇਂ ਫ਼ਾਲਤੂ ਵਕਤ ਹੀ ਜਾਂਦਾ ਹੈ। ਉਤਨਾ ਚਿਰ ਗੁਰਮੁਖ ਜਨ ਵਾਹਿਗੁਰੂ ਦੇ ਗੁਣ ਗਾਵਣ ਵਿਚ ਸਫਲ ਕਰਦੇ ਹਨ। ਯਥਾ-

**ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ ॥**
**ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ**
**ਤਬ ਲਗੁ ਮੇਰਾ ਮਨੁ ਰਾਮ ਗੁਣ ਗਾਵੈ ॥੨॥ ॥੪॥੧੦॥੬੨॥**
**(ਆਸਾ ਮ: ੪, ਪੰਨਾ: ੩੬੮)**

ਇਸ ਬਿਧ ਭਗਤੀ ਪਾਵਣ ਵਾਲੇ ਨਾਚੇ ਲੋਗ ਪੈਰਾਂ ਵਿਚ ਘੁੰਗਰੂ ਪਾ ਕੇ ਨਚਦੇ ਟਪਦੇ ਹਨ। ਸੋ ਇਸ ਨੱਚਣ ਕੁੱਦਣ ਦੇ ਭੈ ਵਿਚ, ਹੱਥਾਂ ਤੇ ਪੈਰਾਂ ਨੂੰ ਕੌਣ ਪਸਾਰਦਾ ਫਿਰੇ। ਹੱਥਾਂ ਪੈਰਾਂ ਨੂੰ ਪਸਾਰਨ ਵਾਲੇ ਯਤਨ ਵਿਚ ਐਵੇਂ ਢਿਲ ਬਿਲਮ ਲਗਦੀ ਫਿਰਦੀ ਹੈ। ਉਤਨਾ ਚਿਰ ਇਸ ਪ੍ਰਕਾਰ ਦੀ ਫੋਕਟ ਕਿਰਿਆ ਵਿਚ ਮਨ ਨੂੰ ਖਚਤ ਕਰਨ ਦੇ ਥਾਉਂ ਵਾਹਿਗੁਰੂ ਨਾਮ ਅਭਿਆਸ ਦੇ ਵਿਚ ਜੁਟਣਾ ਹੀ ਭਲੇਰਾ ਹੈ। ਯਥਾ-

**ਕਬ ਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ ॥**
**ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ**
**ਤਬ ਲਗੁ ਮੇਰਾ ਮਨੁ ਰਾਮ ਸਮ੍ਹਾਰੈ ॥੩॥ ॥੪॥੧੦॥੬੨॥**
**(ਆਸਾ ਮ: ੪, ਪੰਨਾ: ੩੬੮)**

ਇਹ ਸਾਰੀ ਨੱਚਣ ਕੁੱਦਣ ਅਤੇ ਹੱਥ ਪੈਰ ਪਸਾਰਨ ਵਾਲੀ ਫੋਕਟ ਕਿਰਿਆ, ਇਹ ਪਾਖੰਡੀ ਲੋਗ ਸਿਰਫ਼ ਲੋਗ-ਪਚਾਰੇ ਲਈ ਕਰਦੇ ਹਨ, ਲੋਗਾਂ ਨੂੰ ਪਤਿਆਉਣ ਅਤੇ ਪਰਚਾਉਣ ਪਰਚਾਵਣ ਵਾਲੀ ਪਾਖੰਡ-ਕਿਰਿਆ ਕਰਕੇ ਸੱਚੀ ਦਰਗਾਹੇ ਸੱਚੀ ਪਤਿ ਪ੍ਰਾਪਤ ਨਹੀਂ ਹੁੰਦੀ।

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਅਜਿਹੇ ਕੁਢੰਗ ਵਿਚ ਪੈਣ ਦੇ ਥਾਉਂ ਵਾਹਿਗੁਰੂ ਦੀ ਦਮ-ਬਦਮ ਯਾਦ ਗੁਰਮਤਿ ਅਨੁਸਾਰ ਕੀਤੀ ਜਾਵੇ ਤੇ ਸੱਚੀ ਸਿਫ਼ਤ ਸਾਲਾਹ ਦੀ ਪ੍ਰੀਤ ਪ੍ਰਤੀਤੀ ਜਾਵੇ ਤਾਂ ਲੋਕ ਪ੍ਰਲੋਕ ਵਿਖੇ ਜੈ ਜੈਕਾਰ ਹੋ ਜਾਂਦੀ ਹੈ, ਜੈਸਾ ਕਿ ਇਸ ਗੁਰਵਾਕ ਦੀਆਂ ਛੇਕੜਲੀਆਂ ਦੋ ਤੁਕਾਂ ਦਾ ਭਾਵ ਹੈ। ਯਥਾ-

**ਕਬ ਕੋਊ ਲੋਗਨ ਕਉ ਪਤੀਆਵੈ ਲੋਕਿ ਪਤੀਣੈ ਨਾ ਪਤਿ ਹੋਇ ॥**
**ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ**
**ਤਾ ਜੈ ਜੈ ਕਰੇ ਸਭੁ ਕੋਇ ॥੪॥੧੦॥੬੨॥**
**(ਆਸਾ ਮ: ੪, ਪੰਨਾ: ੩੬੮)**

*ਸੱਚਾ ਜੋਗੀ ਸਾਰੇ ਸੰਸਾਰ ਵਿਚ ਭਟਕਣ ਦੇ ਥਾਉਂ ਨੌਂ ਦਰਵਾਜ਼ੇ ਵਾਲੇ ਸਰੀਰ ਰੂਪੀ ਧਰਤੀ ਵਿਚ ਹੀ ਭਿੱਖਿਆ ਮੰਗਦਾ ਹੈ। ਉਹ ਜੋਗੀ ਸੰਸਾਰ ਵਿਚ ਅਸਲ ਜੋਗੀ ਹੈ। ਸਾਰ-ਤੱਤ ਗੁਰਮਤਿ ਜੋਗ ਦਾ ਕੇਵਲ ਐਸਾ ਜੋਗੀ ਹੀ ਜਾਣੂ ਹੈ। ਐਸੇ ਗੁਰਮਤਿ ਜੋਗੀ ਦੇ ਪਿਛੇ ਨੌਂ-ਨਿਧੀਆਂ ਲਗੀਆਂ ਫਿਰਦੀਆਂ ਹਨ, ਪਰ ਤਿਸ ਨੂੰ ਤਿਲ ਮਾਤਰ ਵੀ ਉਨ੍ਹਾਂ ਦੀ ਤਮ੍ਹਾ ਨਹੀਂ ਹੁੰਦੀ। ਤਲੇ (ਹੇਠਲੇ) ਸਵਾਸਾਂ ਨੂੰ ਗੁਰਮਤਿ ਨਾਮ ਅਭਿਆਸ ਦੁਆਰਾ ਉੱਪਰ ਨੂੰ ਦਸਮੇ ਦਵਾਰ ਵਿਖੇ ਚੜ੍ਹਾਵੇ, ਤਾਂ ਉਹ ਪਾਰਬ੍ਰਹਮ ਦੇ ਦਰਸ਼ਨ ਦਾ ਨਜ਼ਾਰਾ ਦੇਖ ਸਕਦਾ ਹੈ। ਸੱਚੀ ਗੁਰਮਤਿ ਗਿਆਨ ਰੂਪੀ ਖਿੰਥਾ ਪਹਿਰੇ ਅਤੇ ਧਿਆਨ ਰੂਪੀ ਸੂਈ, ਸ਼ਬਦ ਰੂਪੀ ਧਾਗੇ ਨਾਲ ਉਸ ਨੂੰ ਸੀਵੇ। ਨਿਰੀ ਮ੍ਰਿਗ ਦੀ ਖਲੜੀ ਪਹਿਰ ਕੇ ਫਿਰੀ ਜਾਣ ਵਾਲਾ ਜੋਗੀ ਪਖੰਡੀ ਜੋਗੀ ਹੈ।*

# ਸੱਚਾ ਜੋਗ

**ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ ॥**
**ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ ॥੧॥**
**ਐਸਾ ਜੋਗੀ ਨਉ ਨਿਧਿ ਪਾਵੈ ॥**
**ਤਲਕਾ ਬ੍ਰਹਮੁ ਲੇ ਗਗਨਿ ਚਰਾਵੈ ॥੧॥ ਰਹਾਉ ॥**
**ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ ॥**
**ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ ॥੨॥**
**ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ ॥**
**ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ ॥੩॥**
**ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਨਾ ॥**
**ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥੪॥੭॥**
**(ਆਸਾ ਕਬੀਰ ਜੀਉ, ਪੰਨਾ : ੪੭੭)**

ਏਸ ਗੁਰਵਾਕ ਵਿਚ ਕਬੀਰ ਸਾਹਿਬ ਨੇ ਸੱਚੇ ਗੁਰਮਤਿ ਜੋਗ ਦੇ ਸਾਧਨ ਦੱਸੇ ਹਨ ਅਤੇ ਪਾਖੰਡ ਜੋਗ ਨੂੰ ਖ਼ੂਬ ਬਣਾ ਕੇ ਭੰਡਿਆ ਹੈ। ਜੋਗੀ ਦਾ ਥੈਲਾ (ਬਟੂਆ), ਜਿਸ ਵਿਚ ਉਹ ਸਵਾਹ ਦਾ ਗੋਲਾ ਰਖਦਾ ਹੈ, ਉਸ ਦੇ ਥਾਉਂ ਬਹੱਤਰ (੭੨) ਪ੍ਰਧਾਨ ਨਾੜੀਆਂ ਦੇ ਆਸਰੇ ਬਣਿਆ ਇਹ ਸਰੀਰ ਰੂਪ ਥੈਲਾ ਹੈ, ਜਿਸ ਦਾ ਦਸਮ ਦਵਾਰ ਰੂਪ ਇੱਕੋ ਹੀ ਦਰਵਾਜ਼ਾ ਹੈ। ਉਹ ਜੋਗੀ ਕਾਹਦਾ ਹੈ ਜੋ ਦਵਾਰੇ ਦਵਾਰੇ ਭਰਮਦਾ ਫਿਰੇ ? ਸੱਚਾ ਜੋਗੀ ਸਾਰੇ ਸੰਸਾਰ ਵਿਚ ਭਟਕਣ ਦੇ ਥਾਉਂ ਨੌਂ ਦਰਵਾਜ਼ੇ ਵਾਲੇ ਸਰੀਰ ਰੂਪੀ ਧਰਤੀ ਵਿਚ ਹੀ ਭਿੱਖਿਆ ਮੰਗਦਾ ਹੈ। ਉਹ ਜੋਗੀ ਸੰਸਾਰ ਵਿਚ ਅਸਲ ਜੋਗੀ ਹੈ। ਸਾਰ-ਤੱਤ ਗੁਰਮਤਿ ਜੋਗ ਦਾ ਕੇਵਲ ਐਸਾ ਜੋਗੀ ਹੀ ਜਾਣੂ ਹੈ। ਐਸੇ ਗੁਰਮਤਿ ਜੋਗੀ ਦੇ ਪਿਛੇ ਨੌਂ-ਨਿਧੀਆਂ ਲਗੀਆਂ ਫਿਰਦੀਆਂ ਹਨ, ਪਰ ਤਿਸ ਨੂੰ ਤਿਲ ਮਾਤਰ ਵੀ ਉਨ੍ਹਾਂ ਦੀ ਤਮ੍ਹਾ ਨਹੀਂ ਹੁੰਦੀ। ਤਲੇ (ਹੇਠਲੇ) ਸਵਾਸਾਂ ਨੂੰ ਗੁਰਮਤਿ ਨਾਮ ਅਭਿਆਸ ਦੁਆਰਾ ਉੱਪਰ ਨੂੰ ਦਸਮੇ ਦਵਾਰ ਵਿਖੇ


ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਚੜ੍ਹਾਵੇ, ਤਾਂ ਉਹ ਪਾਰਬ੍ਰਹਮ ਦੇ ਦਰਸ਼ਨ ਦਾ ਨਜ਼ਾਰਾ ਦੇਖ ਸਕਦਾ ਹੈ।

ਸੱਚੀ ਗੁਰਮਤਿ ਗਿਆਨ ਰੂਪੀ ਖਿੰਥਾ ਪਹਿਰੇ ਅਤੇ ਧਿਆਨ ਰੂਪੀ ਸੂਈ, ਸ਼ਬਦ ਰੂਪੀ ਧਾਗੇ ਨਾਲ ਉਸ ਨੂੰ ਸੀਵੇ। ਇਸ ਪ੍ਰਕਾਰ ਸ਼ਬਦ ਅਭਿਆਸ ਦਾ ਬਿਲੋਵਨਾ ਬਿਲੋ ਬਿਲੋ ਕੇ ਸੱਚੀ ਗੁਰਮਤਿ ਅਭਿਆਸ ਵਾਲੀ ਘਾਲਣਾ ਘਾਲੇ। ਨਿਰੀ ਮ੍ਰਿਗ ਦੀ ਖਲੜੀ ਪਹਿਰ ਕੇ ਫਿਰੀ ਜਾਣ ਵਾਲਾ ਜੋਗੀ ਪਖੰਡੀ ਜੋਗੀ ਹੈ। ਇਸ ਦਿਖਾਵੇ ਦੀ ਖਲੜੀ ਦੇ ਥਾਉਂ ਸਰੀਰਕ ਪੰਚਾਂ ਤੱਤਾਂ ਰੂਪੀ ਆਸਣ ਬਣਾਵੇ, ਭਾਵ, ਸਰੀਰ ਦੇ ਪੰਜਾਂ ਇੰਦਰਿਆਂ ਨੂੰ ਦਮਨ ਅਤੇ ਵਸਗਤਿ ਕਰੀ ਰਖੇ। ਐਸੀ ਮਿਰਗਾਣੀ ਪਹਿਰੀ ਰੱਖਣ ਵਾਲਾ ਜੋਗੀ ਸੱਚਾ ਗੁਰਮਤਿ ਜੋਗੀ ਹੈ ਅਤੇ ਗੁਰੂ ਦੇ ਸੱਚੇ ਮਾਰਗ ਉੱਤੇ ਚੱਲਣ ਵਾਲਾ ਹੈ।

ਧੂਣੀ ਦੀ ਸਵਾਹ ਇਕੱਠੀ ਕਰਨ ਲਈ ਜੋਗੀ ਜਨ ਜੋ ਫਾਹੁੜੀ ਰਖਦੇ ਹਨ, ਕਬੀਰ ਸਾਹਿਬ ਫ਼ੁਰਮਾਉਂਦੇ ਹਨ– ਉਸ ਦੇ ਥਾਉਂ ਸਰਬ ਜੀਵਾਂ ਉੱਤੇ ਦਇਆ ਧਾਰਨ ਕਰਨ ਵਾਲੀ ਫਾਹੁੜੀ ਆਪਣੇ ਪਾਸ ਰੱਖੇ। ਇਸ ਸਰੀਰ ਰੂਪੀ ਵਿਸ਼ੇ ਵਿਕਾਰਾਂ ਨੂੰ ਮਾਰ ਕੇ ਧੂਣੀ ਬਣਾਵੇ, ਅੱਖਾਂ ਦੀ ਤ੍ਰਿਸ਼ਨਾ ਨੂੰ ਮਾੜੇ ਕੰਮਾਂ ਤੋਂ ਰੋਕ ਕੇ ਸਾੜੇ। ਇਹ ਅਗਨੀ (ਧੂਈਂ ਵਾਲੀ ਅਗਨ) ਜਲਾਵੇ, ਉਹ ਹੀ ਗੁਰਮਤਿ ਅੰਦਰਿ ਸੱਚਾ ਜੋਗੀ ਹੈ। ਵਾਹਿਗੁਰੂ ਦੀ ਭਾਉ-ਭਗਤੀ ਵਾਲਾ ਸ਼ਰਧਾ ਤੇ ਪ੍ਰੇਮ ਸਦਾ ਹੀ ਦਿਲ ਵਿਚ ਧਾਰਨ ਕਰੀ ਰੱਖੇ, ਤਾਂ ਚਹੁ ਜੁਗ ਵਾਲੀ ਤਾੜੀ (ਲਿਵਤਾਰ) ਬੱਝ ਸਕਦੀ ਹੈ।

ਅਸਲ ਜੋਗੀਪੁਣਾ ਗੁਰਮਤਿ ਨਾਮ ਦਾ ਅਰਾਧਣ ਹੀ ਹੈ, ਸਰੀਰ ਤੇ ਪ੍ਰਾਣ ਜਿਸ ਵਾਹਿਗੁਰੂ ਗੋਚਰੇ ਹਨ, ਉਸੇ ਦਾ ਸਿਮਰਨ ਕਰਨਾ ਹੀ ਸੱਚਾ ਜੋਗ ਕਮਾਣਾ ਹੈ। ਕਬੀਰ ਸਾਹਿਬ ਫ਼ੁਰਮਾਉਂਦੇ ਹਨ, ਵਾਹਿਗੁਰੂ ਸੱਚਾ ਪਾਤਸ਼ਾਹ ਜੇ ਗੁਰਮੁਖਿ ਜਗਿਆਸੂ ਜਨ ਉੱਪਰ ਕਿਰਪਾ ਕਰੇ ਤਾਂ ਏਸ ਉੱਪਰ ਸੱਚੇ ਗੁਰਮਤਿ ਨਾਮ-ਨੀਸਾਣ ਦੀ ਬਖਸ਼ਸ਼ ਹੁੰਦੀ ਹੈ।

**ਹਿੰਦੂ ਤੁਰਕ ਕਹਾ ਤੇ ਆਏ ਕਿਨਿ ਇਹ ਰਾਹ ਚਲਾਈ ॥**
**ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥੧॥**
**ਕਾਜੀ ਤੈ ਕਵਨ ਕਤੇਬ ਬਖਾਨੀ ॥**
**ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨ ਹੂੰ ਖਬਰਿ ਨ ਜਾਨੀ ॥੧॥ ਰਹਾਉ ॥**
**ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥**
**ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥**
**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥**
**ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥**
**ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥**
**ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿ ਹਾਰੀ ॥੪॥੮॥**
**(ਆਸਾ ਕਬੀਰ ਜੀਉ, ਪੰਨਾ : ੪੭੭)**

ਇਸ ਗੁਰਵਾਕ ਦੁਆਰਾ ਕਬੀਰ ਸਾਹਿਬ ਹਿੰਦੂ ਮੁਸਲਿਮ ਦੋਹਾਂ ਹੀ ਮੱਤਾਂ ਦੇ ਨਿਖਰਵੇਂ ਪਾਖੰਡਾਂ ਦੀ ਨਿਖੇਧੀ ਕਰਦੇ ਹਨ। ਇਨ੍ਹਾਂ ਦੋਹਾਂ ਮੱਤਾਂ ਦੀ ਖਿੱਚੋਤਾਣ ਵਾਲੀ ਪਖੰਡ ਮਈ ਫ਼ਿਰਕੇਦਾਰੀ ਵਾਹਿਗੁਰੂ ਦੇ ਤੱਤ ਗੁਰਮਤਿ ਮਾਰਗ ਤੋਂ ਵਿਛੋੜਦੀ ਹੈ। ਕਿਥੋਂ ਇਹ ਦੋਵੇਂ ਫ਼ਿਰਕੇ ਬਣੇ, ਕਿਥੋਂ ਆਏ ਅਤੇ ਕਿਸ ਨੇ ਇਹ ਦੋਏ

ਕੁਮਾਰਗੀ ਰਾਹ ਚਲਾਏ ? ਦਿਲ ਹੀ ਦਿਲ ਵਿਚ ਸੋਚ ਵਿਚਾਰ ਕੇ ਝਗੜਨ ਵਾਲੇ, ਵਾਦ-ਚਰਚਾ ਕਰਨ ਵਾਲੇ ਸੰਨਿਆਸੀ ਲੋਕ, ਦਸ ਨਾਮ ਧਰ ਕੇ ਐਵੇਂ ਵਾਦ-ਵਿਵਾਦ ਹੀ ਕਰਦੇ ਹਨ। ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ 'ਦਰਗਹ ਹੋਨਿ ਖੁਆਰ ਕੁਵਾਦੇ' (ਭਾਈ ਗੁਰਦਾਸ ਜੀ, ਵਾਰ ੫, ਪਉੜੀ ੧੧), ਨਾ ਹੀ ਕਿਸੇ ਨੇ ਭਿਸਤ ਪਾਨੀ ਹੈ, ਨਾ ਹੀ ਦੋਜ਼ਕ ਮਿਲਣਾ ਹੈ। ਨਾ ਹੀ ਕਿਸੇ ਨੂੰ ਬਹਿਸ਼ਤ (ਸਵਰਗ) ਮਿਲਣਾ ਹੈ ਅਤੇ ਦੋਜ਼ਕ ਭੋਗਣ ਵਾਲੀ ਸਜ਼ਾ ਕਿਸ ਨੂੰ ਮਿਲਣੀ ਹੈ। ਕਾਜ਼ੀ ਲੋਕ ਕੁਰਾਨਾਂ ਦੀਆਂ ਸ਼ਰੀਅਤਾਂ ਪੜ੍ਹ ਪੜ੍ਹ ਕੇ ਐਵੇਂ ਝੱਖ ਮਾਰਦੇ ਹਨ ਅਤੇ ਫੋਕੀਆਂ ਹੀ ਕਤੇਬਾਂ ਬਖਾਨਦੇ ਫਿਰਦੇ ਹਨ।

ਇਹ ਸੁੰਨਤਿ ਦਾ ਰਿਵਾਜ ਜੋ ਪਿਆ ਹੈ, ਇਸਤ੍ਰੀ (ਸਕਤਿ) ਦੇ ਭੋਗ ਕਰਕੇ ਹੀ ਪਿਆ ਹੈ, ਖ਼ੁਦਾ ਨਾਲ ਇਸ ਦਾ ਕੋਈ ਤਅਲੁਕ ਨਹੀਂ। ਇਹ ਗੱਲ ਦਰੁਸਤ ਨਹੀਂ ਕਿ ਸੁੰਨਤਿ ਕਰਨਾ ਖ਼ੁਦਾਈ ਹੁਕਮ ਹੈ। ਜੇ ਖ਼ੁਦਾ ਨੇ ਸੁੰਨਤਿ ਕਰ ਕੇ ਤੁਰਕ ਬਨਾਨਾ ਮਿਥਿਆ ਹੁੰਦਾ ਤਾਂ ਧੁਰੋਂ ਜੰਮਣ ਮੂਲ ਤੋਂ ਹੀ ਸੁੰਨਤਿ ਕਰੀ ਕਰਾਈ ਆਉਂਦੀ, ਆਪੋਂ ਹੀ ਕਟੀ ਕਟਾਈ ਇੰਦਰੀ ਲੈ ਕੇ ਤੁਰਕ ਜੰਮਦੇ। ਇਹ ਸਭ ਆਪੋਂ ਬਣਾਈ ਸੁੰਨਤਿ ਵਾਲੀ ਪਾਖੰਡ-ਕਿਰਿਆ ਹੈ। ਜੇ ਭਲਾ ਮੰਨ ਭੀ ਲਈਏ ਕਿ ਸੁੰਨਤਿ ਕੀਤਿਆਂ ਹੀ ਤੁਰਕ ਬਣੀਦਾ ਹੈ ਤਾਂ ਮਰਦਾਂ ਦੀ ਤਾਂ ਸੁੰਨਤਿ-ਕਿਰਿਆ ਇਹ ਤੁਰਕ ਲੋਕ ਕਰ ਲੈਂਦੇ ਹਨ, ਔਰਤਾਂ ਦੀ ਸੁੰਨਤਿ ਹੁੰਦੀ ਹੀ ਨਹੀਂ, ਕਰੀ ਹੀ ਨਹੀਂ ਜਾ ਸਕਦੀ। ਬੇਸੁੰਨਤਿ ਔਰਤਾਂ ਦੀ ਭਗ ਉਦਰ ਥਾਣੀ ਜਨਮ ਲੈਣ ਕਰਕੇ ਸਾਰੇ ਤੁਰਕ ਹਿੰਦੂ ਹੀ ਰਹਿੰਦੇ ਹਨ। ਔਰਤਾਂ ਤਾਂ ਉੱਕੀਆਂ ਹੀ ਤੁਰਕਣੀਆਂ ਨਹੀਂ ਬਣ ਸਕਦੀਆਂ। ਅਰਧ-ਸਰੀਰੀ ਨਾਰਾਂ ਨੂੰ ਤੁਰਕ ਛਡ ਨਹੀਂ ਸਕਦੇ, ਨਾ ਛਡਣ ਕਰਕੇ ਉਹ ਹਿੰਦੂ ਹੀ ਰਹਿੰਦੇ ਹਨ। ਛੜੇ ਹੀ ਮੁਸਲਮਾਨ ਨਹੀਂ ਬਣ ਸਕਦੇ।

ਐਸੀਆਂ ਮੁਸਲਮਾਨੀ ਕਿਤਾਬਾਂ ਨੂੰ ਸਹੇੜ ਕੇ ਬਾਵਰੇ ਬਣਨ ਨਾਲੋਂ ਏਨ੍ਹਾਂ ਕਿਤਾਬਾਂ ਨੂੰ ਛਡ ਦੇਣਾ ਹੀ ਉਚਿਤ ਹੈ। ਅਜਿਹੇ ਝੱਲੇ ਪੁਰਖ ਐਵੇਂ ਖੱਪ ਖੱਪ ਮਰਦੇ ਹਨ ਅਤੇ ਭਾਰੀ ਜੁਰਮ ਆਪਣੇ ਉੱਤੇ ਅਤੇ ਆਪਣੇ ਸਾਥੀਆਂ ਉੱਪਰ ਕਰਦੇ ਹਨ। ਕਬੀਰ ਸਾਹਿਬ ਨੇ ਇਕੋ ਵਾਹਿਗੁਰੂ ਨਾਮ ਦੀ ਟੇਕ ਪਕੜੀ ਹੈ, ਇਹ ਹਿੰਦੂ ਤੁਰਕ ਫ਼ਿਰਕੇ ਪੱਚ ਪੱਚ ਕੇ ਹੀ ਰਹਿ ਜਾਣਗੇ।

**ਸਨਕ ਸਨੰਦ ਅੰਤੁ ਨਹੀ ਪਾਇਆ ॥**
**ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧ ॥੧੦ ॥**
**(ਆਸਾ ਕਬੀਰ ਜੀਉ, ਪੰਨਾ : ੪੭੮)**

ਇਸ ਗੁਰਵਾਕ ਦੋ-ਤੁਕੀ ਦਵਾਰਾ ਸਾਫ਼ ਵੇਦਾਂ ਦਾ ਖੰਡਨ ਕੀਤਾ ਗਿਆ ਹੈ ਕਿ ਬੇਦਾਂ ਦੇ ਵੀਚਾਰ ਨਾਲ, ਬ੍ਰਹਮਾ ਨੇ ਇਨ੍ਹਾਂ ਬੇਦਾਂ ਨੂੰ ਵੀਚਾਰ ਵੀਚਾਰ ਕੇ, ਘੋਖ ਘੋਖ ਕੇ ਸਾਰਾ ਜਨਮ ਹੀ ਅਜਾਈਂ ਗਵਾ ਲਿਆ। ਬੇਦਾਂ ਉਤੇ ਅਮਲ ਕਰਨਹਾਰੇ ਸਨਕ ਸਨੰਦਨ ਆਦਿਕ ਰਿਖੀਆਂ ਤੋਂ ਭੀ ਵਾਹਿਗੁਰੂ ਦਾ ਅੰਤ ਨਹੀਂ ਪਾਇਆ ਜਾ ਸਕਿਆ। ਐਵੇਂ ਝਖ ਮਾਰਦੇ ਹੀ ਰਹਿ ਗਏ।

**ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥**
**ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਵਤ ਰਹੈ ਗੁਬਾਰਿ ॥੧ ॥**
**ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥**
**ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰ ॥੧ ॥ਰਹਾਉ ॥**
**ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥**
**ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥੨ ॥**
**ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥**
**ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩ ॥**
**ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ ॥**
**ਨਾਨਕ ਸਹਜਿ ਮਿਲੇ ਜਗ ਜੀਵਨ ਨਦਰਿ ਕਰਹੁ ਨਿਸਤਾਰਾ ॥੪ ॥੨ ॥**
**(ਗੂਜਰੀ ਮ. ੧, ਪੰਨਾ : ੪੮੯)**

ਇਸ ਗੁਰਵਾਕ ਵਿਖੇ ਵੇਦ ਆਦਿਕ ਆਨਮਤੀ ਗ੍ਰੰਥਾਂ ਦੀ ਨਿਖੇਧੀ ਹੈ। ਗੁਰਮਤਿ ਅਨੁਸਾਰ ਕੁਦਰਤੀ ਤੌਰ ਤੇ ਰਹਿਣ ਨਾਲ ਗ੍ਰਿਹਸਤ ਅਤੇ ਤਿਆਗ ਇਕੋ ਜਿਹੇ ਹੋ ਜਾਂਦੇ ਹਨ। ਗੁਰਮਤਿ ਨਾਮ ਅਭਿਆਸ ਦੀ ਅਜਿਹੀ ਕਲਾ ਵਰਤਦੀ ਹੈ ਕਿ ਘਰ ਬਾਹਰ ਸਭ ਥਾਈਂ ਵਾਹਿਗੁਰੂ ਅਕਾਲ ਪੁਰਖ ਪਤੀ ਨੂੰ ਦੇਖ ਲਈਦਾ ਹੈ। ਗੁਰਮਤਿ ਨਾਮ ਦੇ ਪ੍ਰਤਾਪ ਨਾਲ ਮਨ ਨੂੰ ਮਾਰ ਕੇ ਗੁਰਮਤਿ-ਜਗਿਆਸੂ ਦਾ ਜੀਵਨ ਗੁਰਮਤਿ ਨਾਮ ਅਭਿਆਸ ਨੂੰ ਗ੍ਰਹਿਣ ਕਰ ਕੇ ਉੱਚੀ ਗਤਿ ਪ੍ਰਾਪਤੀ ਵਾਲਾ ਹੋ ਜਾਂਦਾ ਹੈ। ਇਸ ਦੇ ਮੁਕਾਬਲੇ ਵਿਚ ਭੇਖ ਤੇ ਵਰਨ ਸਭ ਖੇਹ ਹਨ।

ਇਹ ਪੁਰਾਤਨ ਕਥਾ ਹੈ ਕਿ ਬ੍ਰਹਮਾ ਕੰਵਲ ਦੀ ਨਾਭੀ ਵਿਚੋਂ ਪੈਦਾ ਹੋਇਆ ਅਤੇ ਮੂੰਹੋਂ ਤੇ ਗਲੇ ਤੋਂ ਸਵਾਰ ਕੇ ਬੇਦ ਉਚਾਰਨ ਲਗ ਪਿਆ ਤੇ ਉਸ ਦਾ ਅੰਤ ਨਾ ਪਾ ਸਕਿਆ, ਅੰਧੇਰੇ ਤੇ ਅਗਿਆਨਤਾ ਦੇ ਪਰਦੇ ਵਿਚ ਹੀ ਭਟਕਦਾ ਰਿਹਾ। ਇਸ ਪ੍ਰਕਾਰ ਦੀਆਂ ਆਨਮਤ ਦੀਆਂ ਕਥਾਂ ਗ੍ਰਹਿਣ ਕਰਨ ਵਾਲੇ ਭਲਾ ਵੇਦਾਂ ਦੀਆਂ ਕਿਤਾਬਾਂ ਤੋਂ ਕੀ ਪ੍ਰਾਪਤ ਕਰ ਸਕਦੇ ਹਨ, ਜਦੋਂ ਕਿ ਬ੍ਰਹਮਾ ਨੂੰ ਏਤਨੀਆਂ ਵੇਦ ਰਟਣ ਦੀਆਂ ਟੱਕਰਾਂ ਮਾਰ ਕੇ ਭੀ ਪ੍ਰਾਪਤੀ ਨਾ ਹੋਈ। ਬ੍ਰਹਮਾ ਤੋਂ ਸਿਖਸ਼ਾ ਲੈ ਕੇ ਆਮ ਮਨਮਤੀ ਲੋਕ ਵੇਦ ਪੜ੍ਹਨ ਲਈ, ਬੈਰਾਗੀ ਤਿਆਰ ਹੋ ਜਾਂਦੇ ਹਨ ਅਤੇ ਪ੍ਰਾਪਤੀ ਉਹਨਾਂ ਦੀ ਕੁਝ ਨਹੀਂ ਹੁੰਦੀ। ਇਸ ਦੇ ਮੁਕਾਬਲੇ ਵਿਚ ਵਾਹਿਗੁਰੂ ਪ੍ਰੀਤਮ ਦਾ ਨਾਮ ਅਭਿਆਸ ਕਰਨ ਵਾਲੇ ਗੁਰਮੁਖ ਜਨ, ਜੋ ਨਾਮ ਅਭਿਆਸ ਨੂੰ ਪ੍ਰਾਣ ਅਧਾਰ ਸਮਝ ਕੇ ਕਦੇ ਨਹੀਂ ਵਿਸਾਰਦੇ, ਉਨ੍ਹਾਂ ਨੂੰ ਗ੍ਰਿਹਸਤ ਵਿਚ ਰਹਿੰਦਿਆਂ ਹੀ ਵਾਹਿਗੁਰੂ-ਦਰਸ਼ਨ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹ ਜਨ ਪੂਰੇ ਹਨ, ਜੋ ਇਸ ਪ੍ਰਕਾਰ ਦੀ ਗੁਰਮਤਿ ਨਾਮ ਅਭਿਆਸ ਭਗਤੀ ਘਰ ਬੈਠਿਆਂ ਹੀ ਕਰਦੇ ਹਨ, ਸੱਚੇ ਗ੍ਰਿਹਸਤ ਉਦਾਸੀ ਮੁਨੀ ਜਨ ਬਣਦੇ ਹਨ, ਉਹ ਗੁਰਮਤਿ ਨਾਮ ਅਭਿਆਸ-ਮਈ ਵਿਚਾਰ ਦੁਆਰਾ ਹੀ ਸੇਵਾ ਸਿਮਰਨ ਕਰ ਕੇ ਸੱਚੇ ਮੁਨੀ ਜਨ ਬਣਦੇ ਹਨ।

ਗੁਰਮੁਖਿ ਜਨਾਂ ਨੂੰ ਫ਼ਕਤ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਨਾਲ ਸਾਰੇ ਤ੍ਰਿਭਵਣ ਵਿਖੇ ਅਕਾਲ ਪੁਰਖ ਵਾਹਿਗੁਰੂ (ਮੁਰਾਰੀ ਜੀ) ਦੀ ਇੱਕੋ ਜੋਤਿ ਹੀ ਪਰਤੱਖ ਦਿਸਦੀ ਹੈ। ਦਿਸਣਹਾਰੇ ਕਈ ਸੂਰ ਚੰਦ ਹਨ, ਉਹ ਇਸ ਜੋਤਿ ਮੁਰਾਰੀ ਦੇ ਚਾਨਣ ਤੋਂ ਉਪਜੇ ਹੋਏ ਮਾਮੂਲੀ ਦੀਵੇ ਹਨ। ਸੱਚਾ ਗੁਰਮੁਖਿ ਉਹ ਹੈ ਜੋ ਦਿਨੇ ਰਾਤ ਅਜਿਹੀ ਜੋਤਿ ਪ੍ਰਚੰਡ ਦਾਤਿ ਦੁਆਰਾ ਨਿਰਮਲ ਅਤੇ ਜੋਗ ਜਗਮਗੀ ਤੇ ਪਵਿਤ੍ਰ ਬਣਿਆ ਰਹਿੰਦਾ ਹੈ ਅਤੇ ਆਪਣੀ ਮਤਿ ਦੇ ਪਿੱਛੇ ਲੱਗਣ ਵਾਲੇ ਮਨਮੁਖ ਤਿਮਰ ਅਗਿਆਨ ਅੰਧੇਰੇ ਵਿਚ ਸਾਰੀ ਉਮਰ ਪਏ ਭਟਕਦੇ ਰਹਿੰਦੇ ਹਨ।

ਜੋ ਜੋ ਆਨਮਤੀ ਸਿਧ ਸਮਾਧੀ ਵਾਲਾ ਹੋਇਆ ਹੈ, ਉਨ੍ਹਾਂ ਦੀ ਤੱਤ ਸਮਾਧੀ ਲਗਦੀ ਹੀ ਨਹੀਂ। ਗੁਰਮਤਿ-ਹੀਣਿਆਂ ਦੀ ਲਿਵ-ਸਮਾਧੀ ਕੀ ਲੱਗਣੀ ਸੀ, ਉਹ ਤਾਂ ਫੋਕਟ ਸਮਾਧੀ ਲਾਉਣ ਦੇ ਵਾਦ ਵਿਵਾਦੀ ਝਗੜੇ ਵਿਚ ਹੀ ਚੂਰ ਰਹਿੰਦੇ ਹਨ। ਉਨ੍ਹਾਂ ਨੂੰ ਇਨ੍ਹਾਂ ਦ੍ਰਿਸ਼ਟਮਾਨ ਨਿਰਣੇ ਦੁਆਰਾ ਕੀ ਦਿਸਣਾ ਸੀ, ਅੰਧਗਤੀ ਵਿਚ ਹੀ ਧੱਕੇ ਖਾਂਦੇ ਫਿਰਦੇ ਹਨ। ਇਹ ਗੁਰਮਤਿ ਸ਼ਬਦ ਦੀ ਧੁਨੀ ਦਾ ਹੀ ਪ੍ਰਤਾਪ ਹੈ ਕਿ ਅਭਿਆਸੀ ਜਨ ਦੇ ਘਟ ਅੰਦਰ ਅਭਿਆਸੀ ਜੋਤਿ ਜਗਮਗਾ ਉਠਦੀ ਹੈ। ਗੁਰਮੁਖਾਂ ਦੀ ਸਤਿਗੁਰੂ ਉਤੇ ਸ਼ਰਧਾ ਲਿਆਉਣੀ ਹੀ ਸਾਰੇ ਝਗੜੇ ਨਿਬੇੜ ਦਿੰਦੀ ਹੈ।

ਗੁਰਮਤਿ ਨਾਮ ਅਭਿਆਸੀ ਜਨਾਂ ਨੂੰ ਸੁਰਾਂ ਨਰਾਂ ਦਾ ਨਾਥ ਅਜੋਨੀ ਵਾਹਿਗੁਰੂ ਅਕਾਲ ਪੁਰਖ ਘਟ ਅੰਤਰ ਜਗਨੀ ਜੋਤਿ ਦੇ ਪ੍ਰਤਾਪ ਨਾਲ ਸੱਚੇ ਅਪਾਰ ਮਹਿਲ-ਮਈ ਘਰ ਵਿਖੇ ਭੀ ਪਰਤੱਖ ਨਜ਼ਰ ਆਵਣ ਲਗ ਜਾਂਦਾ ਹੈ। ਇਹ ਸੱਚਾ ਨਿਸਤਾਰਾ ਸੱਚੇ ਗੁਰਮੁਖਿ ਅਭਿਆਸੀ ਜਨ ਦਾ ਸਤਿਗੁਰੂ ਦੀ ਨਦਰ ਮੇਹਰ ਦੇ ਰਾਹੀਂ ਹੁੰਦਾ ਹੈ। ਗੁਰੂ ਸਾਹਿਬ ਦੇ ਘਰ ਦੀ ਗੁਰਮਤਿ ਗ੍ਰਹਿਣ ਕਰਕੇ ਇਸ ਬਿਧ ਸਹਿਜੇ ਹੀ ਵਾਹਿਗੁਰੂ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ, ਆਨਮਤੀਆਂ ਦੀ ਨਿਆਈਂ ਫ਼ਾਲਤੂ ਝਮੇਲੇ ਵਿਚ ਨਹੀਂ ਪੈਣਾ ਪੈਂਦਾ।

**ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥**
**ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥੧ ॥**
**ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥**
**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧ ॥ਰਹਾਉ ॥**

**ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ॥**
**ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ॥੨॥**
**ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ॥**
**ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ॥੩॥**
**ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ॥**
**ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ॥੪॥੧॥੨॥**
**(ਗੂਜਰੀ ਮ. ੫ ਚਉ: ਘਰੁ ੨, ਪੰਨਾ : ੪੯੫)**

ਇਸ ਗੁਰਵਾਕ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰਮਤਿ ਤੋਂ ਘੁੱਥਾ ਹੋਇਆ ਗੁਰੂ-ਹੀਣਾ ਮੀਣਾ ਮਨਮੁਖ ਮਨੁਖ ਕਰਮ ਕਾਂਡ ਵਾਲੇ ਭਰਮ ਭੇਖਾਂ ਵਿਚ ਹੀ ਪਿਆ ਰਹਿੰਦਾ ਹੈ ਅਤੇ ਵਾਹਿਗੁਰੂ ਦੀ ਸੋਝੀ ਉਸ ਨੂੰ ਆਉਂਦੀ ਹੀ ਨਹੀਂ। ਪੂਜਾ, ਯਾਤਰਾ, ਇਸ਼ਨਾਨ ਵਾਲੇ ਆਨਮਤੀ ਕਿਰਿਆ-ਚਾਰ ਕਰਨ ਵਾਲੇ ਲੋਗ ਆਨਮਤ ਦਰਸਾਏ ਖਟ ਕਰਮਾਂ ਵਿਚ ਹੀ ਖਚਤ ਰਹਿੰਦੇ ਹਨ। ਬਸ, ਸਾਰੇ ਸੰਸਾਰੀ ਪੁਰਖ ਇਨ੍ਹਾਂ ਆਨਮਤੀ ਕਰਮਾਂ ਵਿਚ ਹੀ ਸਾਰੀ ਉਮਰ ਲੱਗੇ ਰਹਿੰਦੇ ਹਨ। ਹਾਸਿਲ ਉਨ੍ਹਾਂ ਨੂੰ ਕੁਝ ਨਹੀਂ ਹੁੰਦਾ, ਸਗੋਂ ਅਜਿਹੇ ਖਟ ਕਰਮਾਂ ਦੇ ਕਰਨ ਕਰਕੇ ਉਨ੍ਹਾਂ ਦੇ ਅੰਦਰ ਹਉਮੈ ਦੀ ਮੈਲ ਵਧਦੀ ਹੀ ਜਾਂਦੀ ਹੈ, ਉਤਰਦੀ ਨਹੀਂ। ਗੁਰ ਬਿਨਾਂ ਉਹ ਆਪਣੀ ਸਾਰੀ ਉਮਰ ਦੀ ਬਾਜੀ ਹਾਰ ਜਾਂਦੇ ਹਨ।

ਜਿਨ੍ਹਾਂ ਗੁਰਮੁਖਾਂ ਉਤੇ ਵਾਹਿਗੁਰੂ ਠਾਕੁਰ ਕਿਰਪਾ ਧਾਰਦੇ ਹਨ ਉਨ੍ਹਾਂ ਦਾ ਹੀ ਨਿਸਤਾਰਾ ਹੁੰਦਾ ਹੈ। ਅਜਿਹਾ ਸੱਚੇ ਸੁੱਚੇ ਸ਼ੁਭ ਕਰਮਾਂ ਵਾਲਾ ਸਿਖ ਸੇਵਕ ਜਨ ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਹੁੰਦਾ ਹੈ ਜੋ ਨਿਸ਼ਕਾਮ ਭਗਤੀ ਕਮਾਉਂਦਾ ਹੈ, ਹੋਰ ਬਾਕੀ ਸਾਰੇ ਸੌਦੇਬਾਜ਼ ਸੰਸਾਰੀ ਲੋਗ ਹੀ ਹੁੰਦੇ ਹਨ, ਜੇ ਇਕ ਅੱਧਾ ਚੰਗਾ ਕਰਮ ਉਹ ਕਰਦੇ ਭੀ ਹਨ ਤਾਂ ਕਿਸੇ ਗ਼ਰਜ਼ (ਸਵਾਰਥ) ਲਈ ਕਰਦੇ ਹਨ। ਸ਼ਾਸਤ੍ਰ ਬੇਦ ਸਿਮ੍ਰਿਤ ਸਾਰੇ ਸੋਧ ਕੇ ਵੇਖ ਲਏ ਹਨ, ਸਭ ਏਸੇ ਪ੍ਰਕਾਰ ਦੀ ਉੱਪਰ ਦੱਸੀ ਬਾਤ ਹੀ ਪੁਕਾਰਦੇ ਹਨ। ਸਤਿਗੁਰੂ ਬਿਨਾਂ ਕਿਸੇ ਨੂੰ ਭੀ ਸੱਚੀ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਗੱਲ ਨੂੰ ਦ੍ਰਿੜ੍ਹ ਕਰਕੇ ਆਪਣੇ ਮਨ ਵਿਖੇ ਸਮਝ ਲਵੋ, ਆਨਮਤੀ ਅਠਸਠ ਤੀਰਥਾਂ ਦਾ ਭਾਵੇਂ ਕਿਤਨਾ ਹੀ ਮਜਨੀ ਇਸ਼ਨਾਨ ਕੋਈ ਆਨਮਤੀ ਕਰ ਲਵੇ ਤੇ ਸਾਰੀ ਧਰਤੀ ਤੇ ਭੌਂਦਾ ਫਿਰੇ ਅਤੇ ਅਨੇਕ ਪ੍ਰਕਾਰ ਦੀ ਸੁੱਚਮਤਾ ਦਿਨੇ ਰਾਤ ਕਰੇ, ਸਤਿਗੁਰੂ ਦੇ ਧਾਰਨ ਕੀਤੇ ਬਿਨਾਂ, ਸੱਚਾ ਗੁਰਮਤਿ-ਗਿਆਨ ਪ੍ਰਾਪਤ ਕੀਤੇ ਬਿਨਾਂ ਘੋਰ ਅਗਿਆਨ ਅੰਧੇਰਾ ਹੀ ਰਹਿੰਦਾ ਹੈ। ਧਾਇ ਧਾਇ ਕੇ, ਸਾਰੇ ਜੱਗ ਉੱਤੇ ਭਟਕ ਭਟਕ ਕੇ ਸਾਰੀ ਧਰਤੀ ਫਿਰ ਮਾਰੀ, ਓੜਕ ਗੁਰਮਤਿ ਦੁਆਰਾ ਵਾਹਿਗੁਰੂ ਦੇ ਸੱਚੇ ਦਰਬਾਰ ਦੀ ਸੋਝੀ ਪਈ। ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖਿ ਜਨਾਂ ਦੀ ਦੁਰਮਤਿ ਬੁੱਧੀ ਮਿਟੀ, ਅਤੇ ਸੱਚੀ ਸੁਬੁੱਧੀ ਪ੍ਰਕਾਸ਼ਤ ਹੋਈ, ਤਾਂ ਉਨ੍ਹਾਂ ਦਾ ਨਿਸਤਾਰਾ ਹੋਇਆ। ▪▪

# ਸ਼ਹਾਦਤ

ਸ਼ਹਾਦਤ ਸਾਮੀ ਭਾਸ਼ਾਵਾਂ (ਅਰਬੀ, ਫ਼ਾਰਸੀ) ਦਾ ਸ਼ਬਦ ਹੈ ਜਿਸ ਦੇ ਅਰਥ ਹਨ 'ਗਵਾਹੀ'।ਅੰਗਰੇਜ਼ੀ ਵਿਚ ਇਸ ਨੂੰ Martyrdom ਕਹਿੰਦੇ ਹਨ ਜਿਸ ਦਾ ਮੁੱਢ ਯੂਨਾਨੀ ਭਾਸ਼ਾ ਵਿਚ ਹੈ। 'ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਜੀ ਨੇ ਸ਼ਹਾਦਤ ਦਾ ਅਰਥ ਕੀਤਾ ਹੈ 'ਸੱਚੀ ਗਵਾਹੀ', 'ਸ਼ਹੀਦੀ', 'ਧਰਮ ਯੁੱਧ ਵਿਚ ਮੌਤ'। ਸ਼ਹੀਦੀ ਪ੍ਰਾਪਤ ਕਰਨ ਵਾਲਾ ਸ਼ਹੀਦ ਕਹਿਲਾਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੀਆਂ ਭਾਰਤੀ ਧਰਮ-ਪ੍ਰਣਾਲੀਆਂ ਵਿਚ ਸ਼ਹਾਦਤ ਦਾ ਸੰਕਲਪ ਵੇਖਣ ਵਿਚ ਨਹੀਂ ਆਉਂਦਾ ਅਤੇ ਪੁਰਾਤਨ ਭਾਰਤੀ ਸਾਹਿਤ ਵਿਚ ਇਸ ਭਾਵ ਦਾ ਕੋਈ ਸ਼ਬਦ ਨਹੀਂ ਮਿਲਦਾ। ਭਾਰਤੀ ਸੰਸਕ੍ਰਿਤੀਆਂ ਵਿਚ ਜੀਵਨ ਰੱਬ ਤੋਂ ਮਿਲੀ ਇਕ ਵੱਡਮੁਲੀ ਦੇਣ ਸਮਝੀ ਜਾਂਦੀ ਸੀ ਅਤੇ ਇਸ ਨੂੰ ਲੰਮੇਰਾ ਕਰਨ ਲਈ ਯੋਗਾ-ਅਭਿਆਸ ਆਦਿ ਰਾਹੀਂ ਯਤਨ ਕੀਤੇ ਜਾਂਦੇ ਸਨ। ਬੁੱਧ ਤੇ ਜੈਨ ਧਰਮ 'ਅਹਿੰਸਾ ਪਰਮੋ ਧਰਮ' ਦੇ ਪੁਜਾਰੀ ਸਨ। ਅਜਿਹੇ ਮਾਹੌਲ ਵਿਚ ਸ਼ਹਾਦਤ ਵਰਗੇ ਸੰਕਲਪ ਦਾ ਪੈਦਾ ਹੋਣਾ ਜਾਂ ਪ੍ਰਫੁਲਤ ਹੋਣਾ ਗ਼ੈਰ-ਕੁਦਰਤੀ ਸੀ। ਇਹੋ ਕਾਰਨ ਹੈ ਕਿ ਹਿੰਦ ਦੇ ਪੁਰਾਤਨ ਇਤਿਹਾਸ ਵਿਚ ਕਿਸੇ ਸ਼ਹਾਦਤ ਜਾਂ ਸ਼ਹੀਦਾਂ ਦਾ ਜ਼ਿਕਰ ਨਹੀਂ ਮਿਲਦਾ। ਇਸ ਦੇ ਉਲਟ ਇਹ ਵੀ ਵਿਚਾਰ ਹੈ ਕਿ ਜਦ ਆਰੀਆ ਲੋਕਾਂ ਨੇ ਹਿੰਦ 'ਤੇ ਹਮਲਾ ਕੀਤਾ ਤਾਂ ਸਥਾਨਕ ਕਬੀਲਿਆਂ ਨੇ ਉਨ੍ਹਾਂ ਦਾ ਜ਼ਰੂਰ ਡੱਟ ਕੇ ਮੁਕਾਬਲਾ ਕੀਤਾ ਹੋਵੇਗਾ ਅਤੇ ਦੋਹਾਂ ਪਾਸਿਆਂ ਤੋਂ ਮੌਤਾਂ ਹੋਈਆਂ ਹੋਣਗੀਆਂ, ਜਿਨ੍ਹਾਂ ਨੂੰ ਸ਼ਹਾਦਤ ਕਿਹਾ ਜਾਣਾ ਚਾਹੀਦਾ ਹੈ। ਫਿਰ ਵੀ ਇਹ ਮੰਨਣਾ ਪਵੇਗਾ ਕਿ ਉਸ ਜ਼ਮਾਨੇ ਵਿਚ ਇਥੇ ਸ਼ਹਾਦਤ ਵਰਗਾ ਕੋਈ ਸੰਕਲਪ ਖ਼ਾਸ ਮਹੱਤਤਾ ਨਹੀਂ ਰੱਖਦਾ ਸੀ। ਸਿੱਖ ਧਰਮ ਵਿਚ ਸ਼ਹਾਦਤ ਇਕ ਮੌਲਿਕ ਸਿਧਾਂਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੇਠ ਲਿਖੇ ਮਹਾਂਵਾਕ ਇਸ ਵਿਚ ਕੋਈ ਸੰਦੇਹ ਨਹੀਂ ਰਹਿਣ ਦਿੰਦੇ:

- **ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥**
**ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥**
**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਪੰਨਾ ੧੧੦੫)**
- ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)
- ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (ਪੰਨਾ ੧੧੦੨)
- ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥ (ਪੰਨਾ ੫੭੯)

ਉਪਰੋਕਤ ਤੁਕਾਂ ਵਿਚ ਸ਼ਬਦ 'ਸੂਰਾ' ਜਾਂ 'ਸੂਰਮਾ' ਵਰਤਿਆ ਗਿਆ ਹੈ। 'ਸ਼ਹੀਦ' ਸ਼ਬਦ ਦੀ ਵਰਤੋਂ ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਕੀਤੀ ਹੈ। ਮੁਰੀਦ ਅਰਥਾਤ ਸਿੱਖ ਦੇ ਜ਼ਰੂਰੀ ਲੱਛਣ ਦਰਜ ਕੀਤੇ ਹਨ, ਜਿਨ੍ਹਾਂ ਵਿਚ 'ਸ਼ਹੀਦ' ਸ਼ਾਮਲ ਹੈ:

**ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ।**
**ਸਬਰ ਸਿਦਕ ਸਹੀਦ ਭਰਮ ਭਉ ਖੋਵਣਾ। (ਵਾਰ ੩:੧੮)**

ਸਪੱਸ਼ਟ ਹੈ ਕਿ ਸ਼ਹਾਦਤ ਸਿੱਖ ਫ਼ਿਲਾਸਫ਼ੀ ਦਾ ਅਨਿੱਖੜਵਾਂ ਅੰਗ ਹੈ। ਸਿੱਖ ਧਰਮ ਸਰਬ-ਪੱਖੀ ਧਰਮ ਹੈ। ਇਸ ਵਿਚ ਸੰਨਿਆਸ ਜਾਂ ਦੁਨੀਆ ਤੋਂ ਕਿਨਾਰਾਕਸ਼ੀ ਲਈ ਕੋਈ ਥਾਂ ਨਹੀਂ ਹੈ। ਸਿੱਖ ਦਾ ਨਿਸ਼ਾਨਾ 'ਗੁਰਮੁਖਤਾ' ਜਾਂ 'ਸਚਿਆਰਾਪਨ' ਹੈ, ਜਿਸ ਦੀ ਪ੍ਰਾਪਤੀ ਲਈ ਉਹ ਅਕਾਲ ਪੁਰਖ ਦੇ ਹੁਕਮ ਵਿਚ ਉਸ ਦੀ ਰਜ਼ਾ ਦੀ ਪੂਰਤੀ ਵਿਚ ਜੁਟਿਆ ਰਹਿੰਦਾ ਹੈ:

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (ਪੰਨਾ ੧)**

ਉਹ ਰਜ਼ਾ ਦੇ ਮਾਲਕ ਦਾ ਹੁਕਮ ਪਛਾਣਦਾ ਹੈ ਅਤੇ ਧਰਤੀ ਨੂੰ ਧਰਮਸਾਲ ਸਮਝਦਾ ਹੋਇਆ ਧਰਮ ਦੀ ਕਮਾਈ ਕਰਦਾ ਹੈ। ਸਮੁੱਚੇ ਮਨੁੱਖੀ ਭਾਈਚਾਰੇ ਨੂੰ ਇਕ ਪਰਵਾਰ ਸਮਝਦਾ ਹੈ ਜਿਸ ਦਾ ਇਕੋ ਪਿਤਾ ਅਕਾਲ ਪੁਰਖ ਹੈ। ਇਸ ਭਾਈਚਾਰੇ ਦੀ ਸੇਵਾ ਅਤੇ ਖ਼ਾਸ ਕਰਕੇ ਕਮਜ਼ੋਰ ਵਰਗ ਦੀ ਸੇਵਾ ਆਪਣਾ ਫ਼ਰਜ਼ ਸਮਝਦਾ ਹੈ। ਉਹ "ਨੀਚਾ ਅੰਦਰਿ ਨੀਚ ਜਾਤਿ" ਦਾ ਸੰਗੀ ਸਾਥੀ ਹੈ ਅਤੇ ਦੁਨਿਆਵੀ ਵੱਡਿਆਂ ਦੀ ਰੀਸ ਨਹੀਂ ਕਰਦਾ। ਸੰਸਾਰ ਵਿਚ ਵਿਚਰਦਾ ਹੋਇਆ ਪੂਰੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੈ। ਬਦੀ ਦੀਆਂ ਸ਼ਕਤੀਆਂ ਹਮੇਸ਼ਾਂ ਰਹੀਆਂ ਹਨ ਅਤੇ ਰਹਿਣਗੀਆਂ। ਸਿੱਖ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕਰਦਾ ਹੈ। 'ਗਰੀਬ ਦੀ ਰੱਖਿਆ' ਤੇ 'ਜਰਵਾਣੇ ਦੀ ਭਖਿਆ' ਲਈ ਸ਼ਸਤਰ ਦੀ ਵਰਤੋਂ ਅਤੇ ਯੁੱਧ ਤੋਂ ਗੁਰੇਜ਼ ਨਹੀਂ ਕਰਦਾ ਅਤੇ ਲੋੜ ਪੈਣ 'ਤੇ ਜਾਨ ਵਾਰ ਦਿੰਦਾ ਹੈ। ਇਹ ਹੈ ਸ਼ਹਾਦਤ।

# ਅਮਲੀ ਸਿੱਖ ਜੀਵਨ



ਪ੍ਰੋ. ਪੂਰਨ ਸਿੰਘ ਜੀ

ਇਸ ਵੇਲੇ ਕੋਝੇ ਲਾਲਚ ਨੂੰ ਛੱਡਣਾ ਪਏਗਾ। ਸਿੱਖੀ ਦਾ ਉਹ ਪੈਗ਼ਾਮ ਜਿਸ ਦੇ ਵਾਸਤੇ ਸੰਸਾਰ ਤੜਪ ਰਿਹਾ ਹੈ ਤੇ ਪੁਕਾਰ ਕੇ ਕਹਿ ਰਿਹਾ ਹੈ ਕਿ ਖ਼ਾਲਸਾ ਜੀ ! ਗੁਰੂ ਬਾਬੇ ਦੇ ਦਰਸ਼ਨ ਕਦ ਕਰਾਉਗੇ ? ਗੁਰੂ ਅਰਜਨ ਦੇਵ ਜੀ ਦੇ ਖ਼ਾਲਸਾ ਜੀ ! ਕਲਗ਼ੀਆਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ ! ਹੇ ਬਾਜ਼ਾਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ ! ਹੇ ਬਾਜ਼ਾਂ ਵਾਲੇ ਦੇ ਰਚੇ ਆਦਰਸ਼ਕ ਖ਼ਾਲਸਾ ਜੀ ! ਦੁਨੀਆ ਵਿਲਕ ਰਹੀ ਹੈ। ਇਸ ਨੂੰ ਨਾਮ ਦੇ ਰੰਗ ਵਿਚ ਕਦ ਰੰਗੋਗੇ ?

ਸਤਿ ਨਾਮੁ ਕਰਤਾ ਪੁਰਖੁ ਨਿਰਭਉ
ਨਿਰਵੈਰੁ ਅਕਾਲ ਮੂਰਤਿ

ਖ਼ਾਲਸਾ ਜੀ! ਉਹ ਸਮੇਂ ਲੰਘ ਗਏ, ਖ਼ਾਲਸਾ ਜੀ! ਓਹ ਵਕਤ ਗੁਜ਼ਰ ਗਏ, ਖ਼ਾਲਸਾ ਜੀ! ਉਹ ਦਿਨ ਬੀਤ ਗਏ, ਜਦ ਕੋਈ ਕਹਿੰਦਾ ਸੀ ਕਿ ਗੱਲਾਂ ਨਾਲ ਰੱਬ ਨੂੰ ਰਿਝਾ ਲਿਆ ਹੈ। ਜਦ ਲੋਕੀਂ ਵਿਚਾਰਾਂ ਦੇ ਢੇਰ ਇਕੱਠੇ ਕਰਕੇ ਕਹਿੰਦੇ ਸਨ ਕਿ ਅਸਾਂ ਪਰਮਾਤਮਾ ਨੂੰ ਪਾ ਲਿਆ ਹੈ। ਵੇਦ ਤੇ ਛੇ ਸ਼ਾਸਤਰ ਗੁਜ਼ਰ ਚੁੱਕੇ; ਵੇਦ, ਵੇਦਾਂਤ ਵਿਚ ਮੁੱਕ ਗਏ ਹਨ। ਹੁਣ ਗੱਲਾਂ ਦਾ ਜ਼ਮਾਨਾ ਨਹੀਂ ਰਿਹਾ। ਹੁਣ ਕੰਮ ਦਾ ਜ਼ਮਾਨਾ ਹੈ।

ਅੱਜ ਜੇ ਕੋਈ ਕਹੇ ਕਿ ਸਾਡਾ ਮਜ਼ਹਬ ਚੰਗਾ ਹੈ, ਤਾਂ ਲੋਕੀਂ ਕਹਿਣਗੇ-'ਚਲੇ ਜਾਓ!' ਕੋਈ ਕਹੇਗਾ-'ਸਾਡੇ ਫ਼ਲਸਫ਼ੇ ਅੱਛੇ ਹਨ।' ਕਿਹਾ ਜਾਵੇਗਾ-'ਚਲੇ ਜਾਓ!' ਹੁਣ ਮਜ਼ਹਬਾਂ ਦੇ ਝੇੜੇ ਲਾਇਬ੍ਰੇਰੀਆਂ ਵਿਚ ਹੀ ਪਏ ਰਹਿਣਗੇ। ਪੂਜਾ ਦੇ ਢੰਗ ਮੰਦਿਰਾਂ ਦੇ ਦਰਵਾਜ਼ਿਆਂ ਦੇ ਅੰਦਰ ਹੀ ਬੰਦ ਰਹਿਣਗੇ। ਹੁਣ ਫ਼ੋਕੇ ਗਿਆਨ ਨੂੰ ਅਲਵਿਦਾ ਕਹਿ ਦਿੱਤਾ ਜਾਵੇਗਾ। ਜੇ ਤੁਸੀਂ ਸਿੱਖੀ ਦਾ ਪ੍ਰਚਾਰ ਕਰਨਾ ਚਾਹੁੰਦੇ ਹੋ, ਤਦ ਨਵੇਂ ਦਿਲ, ਨਵੇਂ ਦਿਮਾਗ਼ ਨਾਲ ਨਵੇਂ ਜ਼ਮਾਨੇ ਨੂੰ ਆਪਣੇ ਕਰਤੱਵਾਂ 'ਤੇ ਦੱਸਣਾ ਪਏਗਾ ਕਿ ਅਸੀਂ ਸਿੱਖ ਹਾਂ। ਅੱਜ ਚਾਰੇ ਪਾਸਿਆਂ ਤੋਂ ਮੰਗ ਹੋ ਰਹੀ ਹੈ ਤੇ ਇਸ ਗੱਲ ਦੀ ਮੰਗ ਹੋ ਰਹੀ ਹੈ ਕਿ :

**ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥**
**ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥**
**(ਆਸਾ ਦੀ ਵਾਰ, ਮ.੧, ਅੰਗ :੪੬੮)**

ਇਸ ਵੇਲੇ ਕੋਝੇ ਲਾਲਚ ਨੂੰ ਛੱਡਣਾ ਪਏਗਾ। ਸਿੱਖੀ ਦਾ ਉਹ ਪੈਗ਼ਾਮ ਜਿਸ ਦੇ ਵਾਸਤੇ ਸੰਸਾਰ ਤੜਪ ਰਿਹਾ ਹੈ ਤੇ ਪੁਕਾਰ ਕੇ ਕਹਿ ਰਿਹਾ ਹੈ ਕਿ ਖ਼ਾਲਸਾ ਜੀ! ਗੁਰੂ ਬਾਬੇ ਦੇ ਦਰਸ਼ਨ ਕਦ ਕਰਾਉਗੇ? ਗੁਰੂ ਅਰਜਨ ਦੇਵ ਜੀ ਦੇ ਖ਼ਾਲਸਾ ਜੀ! ਕਲਗ਼ੀਆਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ! ਹੇ ਬਾਜ਼ਾਂ ਵਾਲੇ ਦੇ ਸ਼ਬਦ ਤੋਂ ਪੈਦਾ ਕੀਤੇ ਪੰਥ! ਹੇ ਬਾਜ਼ਾਂ ਵਾਲੇ ਦੇ ਰਚੇ ਆਦਰਸ਼ਕ ਖ਼ਾਲਸਾ ਜੀ! ਦੁਨੀਆ ਵਿਲਕ ਰਹੀ ਹੈ। ਇਸ ਨੂੰ ਨਾਮ ਦੇ ਰੰਗ ਵਿਚ ਕਦ ਰੰਗੋਗੇ? ਮੈਨੂੰ ਕੋਈ ਝੱਲਾ ਕਹੇ, ਭਾਵੇਂ ਮੂਰਖ, ਪਰੰਤੂ ਮੇਰਾ ਪੂਰਨ ਵਿਸ਼ਵਾਸ ਹੈ ਕਿ ਪਦਾਰਥ ਵਿਦਿਆ, ਮਾਨਸਿਕ ਤੇ ਵਿਗਿਆਨ ਆਦਿਕ ਵਿਚ ਹੋਈਆਂ ਤਬਦੀਲੀਆਂ ਜਿਨ੍ਹਾਂ ਨਾਲ ਮਨੁੱਖ ਉਚ ਕੋਟੀ ਵੱਲ ਜਾ ਰਹੇ ਹਨ; ਦੇ ਫ਼ਾਊਂਡਰ (ਸਿਰਜਨਹਾਰੇ) ਗੁਰੂ ਨਾਨਕ ਸਾਹਿਬ ਸਨ। ਗੁਰੂ ਨਾਨਕ ਸਾਹਿਬ ਨੇ ਕਿਹਾ, "ਉਠ! ਓ ਇਨਸਾਨ ਦੇ ਬੱਚੇ ਉਠ!! ਤੇ ਸੱਚੇ ਦਾ ਅਵਤਾਰ ਹੋ, ਕਾਰੀਗਿਰੀ ਵਿਚ ਜਾਨ ਪਾ ਦੇ ਤੇ ਦਸਤਕਾਰੀ ਆਦਿਕ ਕੋਮਲ ਹੁਨਰਾਂ ਦਾ ਸੰਸਾਰ ਵਿਚ ਹੜ੍ਹ ਵਗਾ ਦੇ।"

"ਉਠ! ਉਠ!! ਮਰਦ ਦੇ ਬੱਚੇ ਨਿਰਭਉ ਹੋ ਜਾ; ਕਿਸੇ ਤੋਂ ਨਾ ਡਰ; ਕਿਸੇ ਦੇ ਨਾਲ ਵੈਰ ਨਾ ਰੱਖ; ਆਪਣੇ ਦਿਲ, ਦਿਮਾਗ਼ ਤੇ ਜਿਸਮ ਵਿਚ ਵਾਹਿਗੁਰੂ ਨੂੰ ਵਸਾ ਕੇ ਅਣਹੋਣੀਆਂ ਗੱਲਾਂ ਨੂੰ ਹੋਣੀਆਂ ਕਰ ਦੱਸ।" ਮੇਰੇ ਖ਼ਿਆਲ ਵਿਚ 'ਨੈਪੋਲੀਅਨ' ਇਸ ਅੰਸ਼ ਵਿਚ ਗੁਰੂ ਦਾ ਸਿੱਖ ਸੀ, ਜਿਸ ਵਿਚ ਉਹਨੇ ਕਿਹਾ ਕਿ 'ਅਸੰਭਵ ਦਾ ਸ਼ਬਦ ਮੂਰਖਾਂ ਦੀ ਡਿਕਸ਼ਨਰੀ ਵਿਚ ਹੀ ਮਿਲਦਾ ਹੈ।' ਕੰਦ੍ਰਾਂ, ਗ਼ਾਰਾਂ ਤੇ ਪਹਾੜਾਂ ਵਿਚ ਹੁਣ ਲੁਕਣ ਦਾ ਜ਼ਮਾਨਾ ਨਹੀਂ। ਹੁਣ ਕੌਮਾਂ ਵਿਚ ਸੰਘਰਸ਼ ਹੋ ਰਿਹਾ ਹੈ; ਇਸ ਵਿਚ ਗੱਲਾਂ ਨਾਲ ਨਹੀਂ, ਆਪਣੇ ਦਿਲ ਵਿਚੋਂ ਸਿੱਖੀ ਵਿਖਾਣੀ ਪਏਗੀ ਤੇ ਓਹ ਲੋਕੀਂ ਤੁਹਾਡੇ ਅੱਗੇ ਸਿਰ ਝੁਕਾ ਦੇਣਗੇ। ਤੁਹਾਨੂੰ ਹੱਥਾਂ ਨਾਲ ਅੰਕਿਤ ਕਰਕੇ ਦੱਸਣਾ ਪਏਗਾ ਤਦ ਦੁਨੀਆ ਸਿੱਖੀ ਨੂੰ ਗ੍ਰਹਿਣ ਕਰੇਗੀ।

ਗੁਰੂ ਸਾਹਿਬ ਨੇ ਹਠ ਯੋਗ ਛੁਡਾ ਦਿੱਤੇ। ਉਹਨਾਂ ਨੇ ਦੱਸਿਆ ਕਿ ਉਚੀ ਤੇ ਸੋਹਣੀ ਚੀਜ਼ ਵੇਖ ਕੇ ਸੁਰਤਿ ਵਿਚ ਜਿਹੜੀ ਇਕਾਗਰਤਾ ਆਉਂਦੀ ਹੈ, ਉਸ ਦੇ ਨਾਲ ਮਨੁੱਖ ਵੱਡਾ ਹੋ ਜਾਂਦਾ ਹੈ, ਉਚਾ ਹੋ ਜਾਂਦਾ


ਹੈ। ਸੋ, ਖ਼ਾਲਸਾ ਜੀ! ਗੁਰੂ ਆਦਰਸ਼ ਵਿਚ ਆਪ ਉਚੇ ਹੋਵੋ, ਆਪਣੇ ਜਿਸਮ, ਆਪਣੇ ਦਿਮਾਗ਼ ਨੂੰ ਗੁਰੂ ਆਦਰਸ਼ ਵਿਚ ਉਚਾ ਕਰਕੇ ਇਕ ਇਕ ਸਵਾ ਲੱਖੀ ਹੋ ਜਾਉ। ਯੂਨਾਨ ਇਕ ਨਿੱਕਾ ਜਿਹਾ ਟਾਪੂ ਹੈ। ਉਹਦੀ ਸੰਸਾਰ ਇਸ ਕਰਕੇ ਇੱਜ਼ਤ ਕਰਦਾ ਹੈ ਕਿ ਉਹ ਬੁੱਤ ਬਣਾਉਣ ਵਿਚ ਕਮਾਲ ਰੱਖਦਾ ਸੀ। ਇਟਲੀ ਨੂੰ ਸਤਿਕਾਰ ਨਾਲ ਦੁਨੀਆ ਵੇਖਦੀ ਹੈ, ਇਸ ਕਰਕੇ ਕਿ ਉਹ ਸੁੰਦਰਤਾ ਨੂੰ ਬਣਾ ਵਿਖਾਉਂਦਾ ਹੈ। ਅਸੀਂ ਇਸ ਨਵੇਂ ਯੁੱਗ ਦੇ ਮੰਦਿਰ ਵਿਚ ਬੁੱਤ ਬਣਨਾ ਹੈ ਕੇਸਾਂ ਵਾਲਾ, ਜੂੜੇ ਵਾਲਾ, ਜਿਊਂਦਾ ਜਾਗਦਾ, ਇਕ ਇਕ ਨੇ ਸਵਾ ਲੱਖੀ ਹੋ ਆਪਣੇ ਆਪ ਨੂੰ ਬਣ ਦੱਸਣਾ ਹੈ। ਜੋ ਕੁਝ ਸੰਸਾਰ ਵਿਚ ਨਵੀਆਂ ਕਾਢਾਂ ਤੇ ਨਵੇਂ ਕੰਮ ਹੋ ਰਹੇ ਹਨ, ਇਹ ਸਤਿਗੁਰੂ ਜੀ ਦੀ ਵਰਕਸ਼ਾਪ ਦੀ ਇਕ ਚੰਗਿਆਰੀ ਹਨ।

ਸੋ, ਜਦ ਤਕ ਤੁਸੀਂ ਸਤਿਗੁਰ ਜੀ ਦੀ ਵਰਕਸ਼ਾਪ ਵਿੱਚੋਂ ਢਲ ਕੇ ਨਵੇਂ ਨਹੀਂ ਨਿਕਲਦੇ, ਜਦ ਤਕ ਸਤਿਗੁਰੂ ਜੀ ਦੇ ਆਦਰਸ਼ ਵਿਚ ਫ਼ਨਾਹ ਨਹੀਂ ਹੁੰਦੇ, ਤਦ ਤਕ ਤੁਸੀਂ ਦ੍ਵਿਜ, ਦੁਜਨਮੇ ਕਿਕੁਣ ਹੋ ਸਕਦੇ ਹੋ ? ਅੰਮ੍ਰਿਤਧਾਰੀ ਕਿਕੁਣ ਹੋ ਸਕਦੇ ਹੋ ਤੇ ਸੰਸਾਰ ਨੂੰ ਸਿੱਖੀ ਦਾ ਸਬਕ ਕਿਕੁਣ ਪੜ੍ਹਾ ਸਕਦੇ ਹੋ ?

ਆਪ ਦੇ ਸਾਹਮਣੇ 50 ਲੱਖ ਰੁਪਏ ਦੇ ਨਾਲ ਟ੍ਰਸਟ ਬਣਾਉਣ ਦੀ ਵਿਚਾਰ ਰੱਖੀ ਗਈ ਹੈ। ਜੇ ਕਦੀ ਪੰਜ ਲੱਖ ਸਿੱਖ ਪਰਿਵਾਰ 10/-, 10/- ਰੁਪਏ ਦੇ ਦੇਣ, ਤਦ ਇਹ ਟ੍ਰਸਟ ਅੱਜ ਮੁਕੰਮਲ ਹੋ ਜਾਂਦਾ ਹੈ। ਜਿਸ ਦੇ ਨਾਲ ਦਸਤਕਾਰੀ, ਜ਼ਰਾਇਤ ਆਦਿਕ ਦੇ ਕੰਮ ਉਨਤ ਹੋ ਸਕਦੇ ਹਨ ਤੇ ਸਾਡੀ ਰੋਟੀ ਦਾ ਸਵਾਲ ਬਹੁਤ ਹੱਦ ਤੱਕ ਹੱਲ ਹੋ ਸਕਦਾ ਹੈ। ਮਜ਼ਹਬੀ ਝਗੜਿਆਂ ਦਾ ਸਵਾਲ ਮਸਜਿਦਾਂ ਤੇ ਮੰਦਰਾਂ ਵਿਚ ਮੁਕੇਗਾ, ਕਿੰਤੂ ਸਤਿਗੁਰੂ ਜੀ ਕਹਿੰਦੇ ਹਨ ਕਿ ਤੁਸੀਂ ਆਪਣਾ ਦਿਲ ਬਦਲ ਕੇ ਮੰਦਰ ਬਣਾ ਲਉ, ਇਕ ਦੂਜੇ ਦੇ ਜਿਸਮ ਨੂੰ ਮੰਦਰ ਸਮਝ ਉਹਦੇ ਵਿਚ ਸਤਿਗੁਰੂ ਜੀ ਦੀ ਜੋਤ ਵੇਖ ਭੁੱਖੇ ਨੂੰ ਰੋਟੀ, ਪਿਆਸੇ ਨੂੰ ਪਾਣੀ ਤੇ ਨੰਗੇ ਨੂੰ ਕੱਪੜੇ ਦੇਵੋ।

ਸਤਿਗੁਰੂ ਜੀ ਦਾ ਹੁਕਮ ਹੈ ਕਿ ਸੰਸਾਰ ਵਿਚ ਕੋਈ ਭੁੱਖਾ ਨਾ ਰਹੇ। ਕੋਈ ਯਤੀਮ ਨਾ ਰਹੇ। ਜਿਸ ਸਤਿਗੁਰੂ ਦੇ ਦਰਬਾਰੋਂ ਦਰਿਆਵਾਂ ਦੀਆਂ ਮੱਛੀਆਂ ਵੀ ਰਜਦੀਆਂ ਹਨ, ਉਹਦੇ ਲੰਗਰ ਵਿਚ ਕੋਈ ਭੁੱਖਾ ਕਿਉਂ ਰਹੇ ?

ਹੁਣ ਦੁਨੀਆ ਬਾਹਰ ਦੇ ਚਿੰਨ੍ਹਾਂ ਤੋਂ ਤਸੱਲੀ ਨਹੀਂ ਪਾਏਗੀ, ਜਗਤ ਗੱਲਾਂ ਨਾਲ ਨਹੀਂ ਪਤੀਜੇਗਾ। ਆਪਣੀ ਸਿੱਖੀ ਕਰਨੀ



ਨਾਲ ਦੱਸ ਕੇ ਹੀ ਦੂਜਿਆਂ ਦੇ ਦਿਲਾਂ ਵਿਚ ਘਰ ਕਰ ਸਕੋਗੇ। ਇਹ ਮਜ਼ਹਬੀ ਜੰਗ ਤਦ ਜਿੱਤਿਆ ਜਾਵੇਗਾ। ਇਹ ਅਕਾਲੀ ਲਹਿਰ ਦੀ ਫ਼ਤਿਹ ਤਦ ਹੀ ਹੋਵੇਗੀ ਤੇ ਜਗਤ ਕਲਗ਼ੀਆਂ ਵਾਲੇ ਗੁਰੂ ਦੇ ਝੰਡੇ ਹੇਠ ਤਦ ਹੀ ਆਵੇਗਾ, ਜਦ ਆਪ ਜ਼ਬਾਨੀ ਗੱਲਾਂ ਨਾਲ ਨਹੀਂ ਬਲਕਿ ਦਿਲ ਦੇ ਵਿੱਚੋਂ ਸਿੱਖੀ ਦੇ ਦਰਸ਼ਨ ਕਰਾਉਗੇ ਤੇ ਕਹਿ ਸਕੋਗੇ ਕਿ ਸਾਡੀ ਛਾਤੀ ਚੀਰ ਕੇ ਦੇਖ ਲਉ, ਅਸੀਂ ਸਿੱਖ ਹਾਂ।

ਕਰਤਾ ਪੁਰਖ ਦਾ ਅਰਥ ਸਮਝ ਕੇ ਕਰਤਾ, ਕਾਰੀਗਰ, ਦਸਤਕਾਰ ਬਣੋ। ਇਹ ਤੁਹਾਨੂੰ ਸਰੀਰ ਵਿਚ ਉਚਾ, ਵੱਡਾ ਤੇ ਦਿਲ ਵਿਚ ਆਲਮਗੀਰ ਬਣਾ ਦੇਵੇਗਾ। ਖ਼ਾਲਸਾ ਜੀ! ਸਮਾਂ ਆ ਗਿਆ ਹੈ, ਸਰੀਰ, ਦਿਲ ਤੇ ਦਿਮਾਗ਼ ਵਿਚ ਉਚਿਆਂ ਹੋਣ ਦਾ। ਜਦ ਤਕ ਤੁਸੀਂ ਕਰਤਾ ਪੁਰਖ ਦੇ ਆਦਰਸ਼ ਨੂੰ ਜਾਣ ਕੇ ਕੋਮਲ ਹੁਨਰ, ਦਸਤਕਾਰੀ ਅਤੇ ਕਾਰੀਗਰੀ ਵਿਚ ਕਮਾਲ ਹਾਸਲ ਨਹੀਂ ਕਰ ਲੈਂਦੇ; ਜਦ ਤਕ ਤੁਸੀਂ ਦਿਲ ਤੇ ਦਿਮਾਗ਼ ਨੂੰ ਉਚਾ ਨਹੀਂ ਕਰ ਲੈਂਦੇ; ਤਦ ਤਕ ਕੁਰਬਾਨੀ ਕਰਕੇ ਵੀ ਹਾਰ ਹੈ ਤੇ ਤੁਹਾਡੀਆਂ ਜਿੱਤਾਂ ਵੀ ਹਾਰ ਦੀ ਸ਼ਕਲ ਵਿਚ ਹਨ।

ਭੈਣੋ ਤੇ ਵੀਰੋ! ਜੀਵਨ ਗੱਲਾਂ ਨਹੀਂ। ਸੁਰਤਿ ਨੂੰ ਇਕਾਗਰ ਕਰਕੇ ਫ਼ਤਿਹ ਪਾਉਣ ਦਾ ਨਾਮ ਜੀਵਨ ਹੈ। ਖਿੰਡੀ ਸੁਰਤਿ ਕੁਝ ਨਹੀਂ ਬਣਾ ਸਕਦੀ। ਸਮੁੰਦਰ ਦੀਆਂ ਲਹਿਰਾਂ ਆਪਣੇ ਕੇਸਾਂ ਦਾ ਜੂੜਾ ਬਣਾ ਲੱਖਾਂ ਜਹਾਜ਼ਾਂ ਨੂੰ ਕਾਗ਼ਜ਼ ਦੀਆਂ ਬੇੜੀਆਂ ਵਾਂਗ ਟੋਟੇ ਟੋਟੇ ਕਰ ਦੇਂਦੀਆਂ ਹਨ। ਤਾਂ ਤੇ ਸੁਰਤਿ ਨੂੰ ਇਕਾਗਰ ਕਰਕੇ ਇਕੱਠੇ ਹੋ ਜਾਉ ਤੇ ਕਰਤਾ ਪੁਰਖ ਦੇ ਆਦਰਸ਼ ਨੂੰ ਸਮਝ ਕੇ ਗੁਰੂ ਦੇ ਲੰਗਰ ਵਿੱਚੋਂ ਸਭ ਨੂੰ ਤ੍ਰਿਪਤ ਕਰੋ।

# ਕੇਸ

ਪ੍ਰੋ. ਪੂਰਨ ਸਿੰਘ ਜੀ

ਇਕ ਦੈਵੀ ਮਨੁੱਖ, ਘਰ ਦਾ ਦੀਵਾ ਜਗਾਣ ਵਾਲਾ, ਗੁਰੂ ਗ੍ਰੰਥ ਸਾਹਿਬ ਜੀ ਵਿਚ ਦਿੱਤੀ ਤਸਵੀਰ ਦੀ ਨੁਹਾਰ ਵਾਲਾ ਸਾਧੂ ਬੰਦਾ, ਇਕ ਰਾਤ ਦੇ ਹਨੇਰੇ ਵਿਚ ਆਪਣੇ ਮੰਦਰ ਦੇ ਚਾਨਣ ਵਾਲਾ ਵੈਰਾਗੀ, ਤਿਆਗੀ, ਗੁਣ-ਅਤੀਤ, ਰੱਬੀ ਨੂਰ ਦਾ ਆਸ਼ਕ, ਰੱਬ ਦਾ ਬੰਦਾ, ਤੇ ਉਸਦਾ ਪਰਿਵਾਰ, ਸ਼ਹਿਰ ਉਸਦਾ, ਮੁਲਕ ਉਸਦਾ, ਜਹਾਨ ਉਸਦਾ, ਆਸਮਾਨ ਉਸਦਾ, ਬਸੰਤ ਉਸਦੀ, ਬਸੰਤ ਦੀ ਬਹਾਰ ਉਸਦੀ, ਚਮਨ ਉਸਦਾ, ਫੁੱਲ ਉਸਦੇ, ਰੱਬ ਉਸਦਾ ਮਖ਼ਲੂਕ ਉਸਦੀ, ਸਭ ਨਾਲ ਮਿਲਿਆ ਜੁਲਿਆ ਤੇ ਸਭ ਥੀਂ ਅਲੱਗ, ਪਿਆਰ ਪਰੋਤਾ ਤੇ ਪਿਆਰ ਰੂਪ। ਇਹੋ ਵਸਨੀ, ਇਹੋ ਈਮਾਨ, ਇਹ ਕਲਗ਼ੀਆਂ ਵਾਲੇ ਦਾ ਪੰਥ। ਨਾ ਬੋਲ, ਨਾ ਕਬੋਲ, ਨਾ ਲੇਖ, ਨਾ ਭੇਖ, ਨਾ ਦਾਉ, ਨਾ ਪੇਚ, ਨਾ ਜ਼ੋਰ, ਨਾ ਸ਼ੋਰ, ਨਾ ਸੋਚ, ਨਾ ਤੋੜ, ਨਾ ਜੋੜ।

ਕਲਗ਼ੀਆਂ ਵਾਲੇ ਨੇ ਚਿੱਤ ਚਾ ਲਿਆ, ਬਾਜ਼ਾਂ ਵਾਲੇ ਨੇ ਫ਼ੈਸਲਾ ਕੀਤਾ, ਸੋਹਣੇ ਸਾਈਂ ਨੇ ਧਰਮ-ਬਰਤ ਧਾਰਨ ਕੀਤਾ। ਆਕਾਸ਼ ਕੰਬੇ, ਧਰਤੀ ਚਰਨਾਂ ਹੇਠ ਥਰਥਰਾਈ, ਚਰ ਅਚਰ ਸਹਿਮੇ। ਕੀ ਅਸੀਂ ਨਿਮਾਣੇ ਇਸ ਦੈਵੀ ਬਲ ਦੇ ਪ੍ਰਵਾਹ ਨੂੰ ਝਲ ਸਕਾਂਗੇ ? ਬਾਹਰਲੀ ਕੁਦਰਤ ਨੇ ਸਲਾਮ ਕੀਤਾ; ਮੁਤੀਹ ਹੋਈ, ਪਰ ਜਵਾਬ ਕੋਈ ਨਾ ਦਿੱਤਾ। ਅੰਗ ਅੰਗ ਇਕ ਅਜੀਬ ਸਹਿਮ ਨਾਲ ਪਾਟ ਰਿਹਾ ਹੈ। ਇਕ ਪਵਿੱਤਰ ਤੌਖਲੇ ਨਾਲ ਕੁਦਰਤ ਦਾ ਦਿਲ ਹਿੱਲ ਰਿਹਾ ਹੈ। ਪਸਾਰ ਦੇ ਸੁਫ਼ਨਿਆਂ ਵਿਚ ਹੱਸਦੇ ਫੁੱਲ ਆਪ ਜੀ ਦੇ ਬਲਦੇ ਨੈਣਾਂ ਵੱਲੋਂ ਨਵੀਆਂ ਤਾਕਤਾਂ ਬਖ਼ਸ਼ੀਆਂ ਗਈਆਂ।

ਹਾਂ ਜੀ, ਇਸ ਬੇਨਜ਼ੀਰ ਫ਼ਕੀਰਾਂ ਦੇ ਸੁਲਤਾਨ ਦੀ ਅੱਖ ਦਾ ਇਸ਼ਾਰਾ ਹੋਇਆ ਤੇ ਕੁਦਰਤ ਨੇ ਪੁਰਖ ਦੇ ਕੱਪੜੇ ਪਾ ਲਏ। ਕਲਗ਼ੀਆਂ ਵਾਲੇ ਦੀ ਸਿਪਾਹੀ ਹੋ ਚਰਨਾਂ ਪਰ ਡਿੱਗੀ। ਉਹ ਬਾਦਸ਼ਾਹਾਂ ਦਾ ਬਾਦਸ਼ਾਹ, ਜਿਸਦੀ ਅੱਖ ਦੇ ਇਸ਼ਾਰੇ ਨਾਲ ਕੁਲ ਕੁਦਰਤ ਫ਼ੌਜ ਹੋਈ। ਇਸ ਫ਼ੌਜਾਂ ਵਾਲੇ ਨੇ ਚਿੱਤ ਚਾ ਲਿਆ। ਇਸ ਬੇਮਿਸਾਲ ਰੱਬੀ ਜੋਤ ਨੇ ਫ਼ੈਸਲਾ ਕੀਤਾ; ਇਸ ਧਰਮ ਦੇ ਸ਼ਹਿਨਸ਼ਾਹ ਨੇ ਧਰਮ ਬਰਤ ਧਾਰਨ ਕੀਤਾ। ਦੁਨੀਆ ਦੇ ਕੂੜ ਨੇ ਤੇ ਦੀਨ ਦੇ ਸੱਚ ਨੇ ਦੋਹਾਂ ਨੇ ਗ਼ਰੀਬ ਬੰਦਿਆਂ ਨੂੰ ਦੁਖੀ ਕੀਤਾ ਹੈ। ਬਸ, ਹੁਣ ਜੀਵਨ ਦਾ ਕੋਈ ਰਾਹ ਕੱਢੀਏ। ਜੀਵਨ ਨੂੰ ਰਾਹ ਪਾਣ ਦੀ ਕੋਈ ਲੋੜ ਨਹੀਂ। ਪਿਆਰੇ ਨੇ ਦੁਨੀਆ ਦੇ ਦੁੱਖਾਂ ਨੂੰ ਦੂਰ ਕਰਨ ਦਾ ਦਰਦ ਮਹਿਸੂਸ ਕੀਤਾ।

ਨਾ ਪੰਜਾਬ, ਨਾ ਹਿੰਦੁਸਤਾਨ, ਨਾ ਦੁਨੀਆ, ਨਾ ਖਿੱਲਰੇ-ਮਿਲਰੇ ਬੇਅਰਥ ਮਸਲਿਆਂ ਦੇ ਢੇਰਾਂ ਦੇ ਢੇਰ, ਨਾ ਤਣੀਆਂ-ਤਣਾਂਣੀਆਂ ਉੱਚ ਖ਼ਿਆਲੀਆਂ, ਨਾ ਮਸਲਈ ਪਰਉਪਕਾਰ, ਨਾ ਖ਼ੁਦਗਰਜ਼ੀ, ਨਾ ਤੰਗ-ਦਿਲੀ, ਨਾ ਜਥੇਬੰਦੀਆਂ, ਨਾ ਮੁਲਕਗੀਰੀਆਂ, ਨਾ ਮੋਹ, ਨਾ ਕੌਮਾਂ, ਨਾ ਧੜੇਬੰਦੀਆਂ, ਨਾ ਚਿੰਨ੍ਹ, ਨਾ ਚਿੱਤਰ, ਨਾ ਮਜ਼ਹਬੀ ਮਖ਼ੌਲ ਤੇ ਵਹਿਮ। ਪਿਆਰੇ ਨੇ ਤਾਂ ਇਕ ਸੱਚਾ ਸੁੱਚਾ ਨਿਰੋਲ, ਪਿਆਰ ਘਰ ਵੱਸਦੇ, ਹੱਸਦੇ, ਰਸਦੇ, ਭਰੇ ਭਕੁੰਨੇ ਘਰ ਦੀ ਤਾਮੀਰ ਅਰੰਭੀ। ਕੋਈ ਇਸ ਘਰ ਨੂੰ ਹੱਥ ਨਾ ਲਾਵੇ ? ਇਹ ਘਰ ਮੇਰਾ ਹੈ, ਮੈਂ ਇਸ ਵਿਚ ਰਹਾਂਗਾ। ਬਸ ਹੋਰ, ਨਾ ਕੋਈ ਦੀਨ ਨਾ ਦੁਨੀਆ, ਇਥੇ ਨਾਮ, ਦਾਨ, ਪਿਆਰ, ਮਿੱਤਰਚਾਰਾ, ਮਿਠਤਾ, ਹੱਭੇ ਮੈਂਢੇ ਮੈਂ ਹੱਭ ਕਿਸੇ ਦਾ। ਇਥੇ ਰੱਬੀ ਪ੍ਰਕਾਸ਼, ਇਥੇ ਚਾਅ-ਉਮਾਹ, ਬਿਨੋਦ, ਇਥੇ ਰੱਬ ਦਾ ਨਿੱਘ, ਇਥੇ ਅਸੀਸ ਦੀ ਠੰਡ, ਬਰਕਤ। ਬਸ, ਇਸਦਾ ਖ਼ੁਸ਼ਬੂਦਾਰ ਫੁੱਲਾਂ ਦਾ ਚੁਫੇਰਾ ਹੋਵੇਗਾ। ਇਹ ਦੁਨੀਆ ਦੇ ਸ਼ਹਿਨਸ਼ਾਹਾਂ ਦੀ ਕੁਟੀਆ ਹੋਵੇਗੀ। ਦਇਆ ਵਾਲਾ, ਧਰਮ ਵਾਲਾ, ਇਕ ਮਾਂ-ਬਾਪ ਦੇ ਅਨੇਕ ਬੇਟੇ ਬੇਟੀਆਂ ਦਾ ਘਰ।

ਉਪਰ ਛੱਤ, ਆਕਾਸ਼, ਥੱਲੇ ਧਰਤੀ, ਜਲ, ਅਗਨੀ, ਹਵਾ ਸਭ ਸਾਂਝੀਆਂ। ਇਥੇ ਅੰਨ, ਮਨ; ਦਿਲ ਸਾਂਝਾ; ਆਦਰਸ਼ ਸਾਂਝਾ, ਕੰਮ ਸਾਂਝਾ, ਕਿਰਤ ਸਾਂਝੀ, ਅਰਦਾਸ ਸਾਂਝੀ। ਹਾਂ ਜੀ ਤ੍ਰਿਸ਼ਨਾ ਦੇ ਭੁਲੇਖੇ ਭੀ ਸਾਂਝੇ, ਗਿਆਨ ਦੇ ਉਲਟ ਲੇਖੇ ਭੀ ਸਾਂਝੇ, ਤੇ ਮੁੜ ਦੁੱਖ ਸਾਂਝੇ, ਮੌਤ ਸਾਂਝੀ, ਸੰਸਾਰ ਚੱਕਰ ਸਾਂਝਾ, ਹੁਕਮ ਸਾਂਝਾ, ਭਾਣਾ ਸਾਂਝਾ, ਪਸ਼ੂ ਬਿਰਤੀਆਂ ਸਾਂਝੀਆਂ, ਜਨਮ, ਖੰਡ, ਜਿੱਤ, ਹਾਰ, ਇਕ ਸਾਂਝਾ ਟਬਰੀਲਾ, ਸੁਖੀ ਘਰ, ਇਹ ਕਲਗ਼ੀਆਂ ਵਾਲੇ ਦਾ ਪੰਥ।

ਇਕ ਦੈਵੀ ਮਨੁੱਖ, ਘਰ ਦਾ ਦੀਵਾ ਜਗਾਣ ਵਾਲਾ, ਗੁਰੂ ਗ੍ਰੰਥ ਸਾਹਿਬ ਜੀ ਵਿਚ ਦਿੱਤੀ ਤਸਵੀਰ ਦੀ ਨੁਹਾਰ ਵਾਲਾ ਸਾਧੂ ਬੰਦਾ, ਇਕ ਰਾਤ ਦੇ ਹਨੇਰੇ ਵਿਚ ਆਪਣੇ ਮੰਦਰ ਦੇ ਚਾਨਣ ਵਾਲਾ ਵੈਰਾਗੀ, ਤਿਆਗੀ, ਗੁਣ-ਅਤੀਤ, ਰੱਬੀ ਨੂਰ ਦਾ ਆਸ਼ਕ, ਰੱਬ ਦਾ ਬੰਦਾ, ਤੇ ਉਸਦਾ ਪਰਿਵਾਰ, ਸ਼ਹਿਰ ਉਸਦਾ, ਮੁਲਕ ਉਸਦਾ, ਜਹਾਨ ਉਸਦਾ, ਆਸਮਾਨ ਉਸਦਾ, ਬਸੰਤ ਉਸਦੀ, ਬਸੰਤ ਦੀ ਬਹਾਰ ਉਸਦੀ, ਚਮਨ ਉਸਦਾ, ਫੁੱਲ ਉਸਦੇ, ਰੱਬ ਉਸਦਾ ਮਖ਼ਲੂਕ ਉਸਦੀ, ਸਭ ਨਾਲ ਮਿਲਿਆ ਜੁਲਿਆ ਤੇ ਸਭ ਥੀਂ ਅਲੱਗ, ਪਿਆਰ ਪਰੋਤਾ ਤੇ ਪਿਆਰ ਰੂਪ। ਇਹੋ ਵਸਨੀ, ਇਹੋ ਈਮਾਨ, ਇਹ ਕਲਗੀਆਂ ਵਾਲੇ ਦਾ ਪੰਥ।

ਨਾ ਬੋਲ, ਨਾ ਕਬੋਲ, ਨਾ ਲੇਖ, ਨਾ ਭੇਖ, ਨਾ ਦਾਉ, ਨਾ ਪੇਚ, ਨਾ ਜ਼ੋਰ, ਨਾ ਸ਼ੋਰ, ਨਾ ਸੋਚ, ਨਾ ਤੋੜ, ਨਾ ਜੋੜ। ਧੜੇਬੰਦੀ, ਤੰਗ ਦਿਲੀ, ਉਪਦੇਸ਼, ਪ੍ਰਚਾਰ ਤੇ ਲਲਕਾਰ; ਤੇ ਬੰਦੇ ਨੂੰ ਕਿਸੀ ਦਿਖਾਵੇ ਦੇ ਮਜ਼ਹਬ, ਬੇ-ਮਜ਼ਹਬ ਵਿਚ ਲੈ ਆਉਣੇ ਜਾਂ ਕੱਢਣੇ ਦੀਆਂ ਸਭ ਪਸ਼ੂ ਬਿਰਤੀਆਂ ਦਾ ਸੰਘਾਰ। ਬਸ, ਇਕ ਫ਼ਕੀਰੀ ਲਟਕ, ਇਕ ਰੱਬੀ ਮਟਕ, ਨਾਮ ਸਰੂਰ, ਐਸ਼, ਖ਼ੁਸ਼ੀ ਤੇ ਚਮਕ ਦਮਕ, ਬਸ, ਇਕ ਘਰ ਦੀ

ਵਸਨੀ ਸਾਧਾਰਣ ਸਹਜ ਵਸਨੀ ਦੀ ਖ਼ੁਸ਼ਬੂ।

ਸਾਡਾ ਘੱਟ ਜੀਵਨ ਹੋਣਾ, ਦਮਾ ਦਮ ਦਮ, ਕੇਵਲ ਜਗਤ ਦੇ ਹਿਵਾਰਥ; ਸੁਖਾਰਥ ਪਰ ਆਪ ਗੁਰੂ ਘਰ ਦੇ ਸਰਸਬਜ਼ ਨਿਹਾਲ ਹੋ ਕੇ, ਬਲਦੀਆਂ, ਜਲਦੀਆਂ ਧਨ ਦੀਆਂ ਲਾਟਾਂ ਹੋ ਕੇ ਬਸ ਲੱਟ ਲੱਟ ਕਰਕੇ ਕਲਗ਼ੀਆਂ ਵਾਲੇ ਨੇ ਚਿੱਤ ਲਾ ਲਿਆ, ਬਾਜ਼ਾਂ ਵਾਲੇ ਨੇ ਫ਼ੈਸਲਾ ਕੀਤਾ, ਸੋਹਣੇ ਸਾਈਂ ਨੇ ਧਰਮ-ਬਰਤ ਧਾਰਨ ਕੀਤਾ। ਆਕਾਸ਼ ਕੰਬੇ, ਧਰਤੀ ਚਰਨਾਂ ਹੇਠ ਥਰਥਰਾਈ, ਚਰ ਅਚਰ ਸਹਿਮੇ। ਕੀ ਅਸੀਂ ਨਿਮਾਣੇ ਇਸ ਦੈਵੀ ਬਲ ਨੂੰ ਝਲ ਸਕਾਂਗੇ। ਰੱਬੀ ਜੋਤ ਨੇ ਆਵਾਜ਼ ਦਿੱਤੀ, ਇਸ ਦਇਆ ਦੇ ਪਰਵਾਹ, ਇਸ ਰਹਿਮ ਦੇ ਠਿੱਲੇ ਸਮੁੰਦਰ ਦੇ ਸਮੁੰਦਰਾਂ ਦੇ ਪ੍ਰਵਾਹ, ਇਸ ਪਿਆਰ ਦੇ ਬ੍ਰਹਿਮੰਡ ਦੇ ਅੰਮ੍ਰਿਤ ਖੰਡ ਦੀ ਚਾਅ ਦੇ ਪ੍ਰਵਾਹ, ਇਸ ਅਜ਼ਲ ਦੇ ਦਿਲ ਨੂੰ ਹਿਲਾ ਦੇਣ ਵਾਲੇ ਆਲੀਸ਼ਾਨ ਨੈਣੀ ਸ਼ਬਦ ਅਸ਼ਬਦ ਦੇ ਪ੍ਰਵਾਹ, ਇਸ ਮਹਾਂ ਜਵਾਲਾ ਦੇ ਪ੍ਰਵਾਹ, ਇਸ ਅੱਗ, ਬਿਜਲੀ, ਬੱਜਰ, ਸਰਬ ਲੋਹ ਤੇ ਖੰਡੇ ਦੇ ਪ੍ਰਵਾਹ ਨੂੰ ਸੰਸਾਰ ਵਿਚ ਠੀਕ ਕੋਈ ਝੱਲਣ ਵਾਲਾ ਨਹੀਂ; ਨਾ ਇਹ ਝੱਲਿਆ ਜਾਏਗਾ। ਕਲਗੀਆਂ ਵਾਲੇ ਨੂੰ ਓੜਕ ਦਾ ਪਿਆਰ ਆਇਆ ਹੈ; ਇਹ ਪਿਆਰ ਮਾਤਲੋਕ ਦੇ ਬੰਦਿਆਂ ਪਾਸੋਂ ਨਹੀਂ ਝੱਲਿਆ ਜਾਣਾ। ਇਹ ਨੈਣ-ਬਿਜਲੀ ਦਾ ਦੀਦਾਰ ਇਹਨਾਂ ਦੀਆਂ ਅੱਖਾਂ ਨਹੀਂ ਝੱਲ ਸਕਣਗੀਆਂ। ਸਤਿਗੁਰੂ ਨੇ ਉੱਤਰ ਦਿੱਤਾ, ਮੇਰਾ ਖ਼ਾਲਸਾ ਝੱਲੇਗਾ; ਨਹੀਂ, ਜਰੇਗਾ, ਜਰ ਕੇ ਹਰਾ ਹੋਵੇਗਾ, ਉਠੇਗਾ, ਉਜਾੜ ਦੁਨੀਆ ਆਬਾਦ ਹੋਵੇਗੀ, ਨੰਗੀ ਦੁਨੀਆ ਸਜ ਜਾਏਗੀ। ਠਰਦੀ, ਭੁੱਖ ਮਰਦੀ ਦੁਨੀਆ ਰੱਜ ਜਾਏਗੀ। ਕੰਗਾਲ ਬਾਦਸ਼ਾਹ ਹੋਣਗੇ, ਕੁਲ ਨਾਨਕ ਸ਼ਾਹੀ ਅਟੁੱਟ, ਅਖੁੱਟ ਖ਼ਜ਼ਾਨਾ ਵਧੇਗਾ, ਦੇਗ ਤੇਗ਼ ਸਾਵਧਾਨ ਰਹੇਗੀ, ਘਰ ਘਰ ਸਾਧ ਦਾ ਅਸੰਗ ਪ੍ਰਕਾਸ਼ ਹੋਵੇਗਾ, ਪੁਰਾਣੇ ਸਿਲਸਿਲੇ ਉਲਟ ਜਾਣਗੇ, ਤੰਗ-ਦਿਲੀਆਂ, ਬਲਦੀਆਂ ਲਾਟਾਂ ਵੇਖ ਭੱਜ ਜਾਣਗੀਆਂ, ਸਿੱਧਾ-ਪੁੱਠਾ, ਨਿਰਾ ਵੱਡਾ-ਨੀਵਾਂ, ਉੱਚਾ, ਦੁਖੀ-ਸੁਖੀ, ਸਾਰੇ ਇਕ ਬੋਣ ਦੇ ਧਾਗੇ ਹੋਣਗੇ। ਖ਼ਾਲਸ ਖ਼ਾਲਸਾਈ ਜਦੋਂ ਜਾਗੇਗੀ, ਨਾਮ, ਧਿਆਨ ਤੇ ਪਿਆਰ ਦੀ ਅੱਗ ਛਾਤੀ ਛਾਤੀ ਮਘੇਗੀ; ਪੁਰਾਣੇ ਢਹਿ ਜਾਣਗੇ, ਨਵੀਆਂ ਉਸਾਰੀਆਂ ਹੋਣਗੀਆਂ।

**ਪਰ ਠੀਕ ਬੋਲ ਕੇ ਨਹੀਂ, ਚੁੱਪ ਨਾਲ।**
**ਪਰ ਉਪਦੇਸ਼ ਕੇ ਨਹੀਂ, ਹੋ ਕੇ।**
**ਜਬਰੀ ਬਣਾ ਕੇ ਨਹੀਂ, ਆਪ ਬਣ ਕੇ।**
**ਪਰ ਗੱਲਾਂ ਨਾਲ ਨਹੀਂ ਸੱਚੀਂ ਅਪਣਾ ਕੇ।**
**ਦਿਲ ਲੈ ਕੇ ਨਹੀਂ ਦਿਲ ਦੇ ਕੇ।**
**ਜੀਵਨ ਕਿਸੀ ਦਾ ਖੋਹ ਕੇ ਨਹੀਂ ਖੁਹਾ ਕੇ।**
**ਮਾਰ ਕੇ ਨਹੀਂ ਮਰ ਕੇ।**
**ਜੀ ਕੇ ਨਹੀਂ ਜਿਵਾ ਕੇ।**
**ਰਾਜਾ ਬਣ ਕੇ ਨਹੀਂ ਰਾਜਾ ਬਣਾ ਕੇ।**
**ਗਿਆਨ ਅਹੰਕਾਰ ਨਾਲ ਨਹੀਂ ਪਿਆਰ ਭਾਵ ਨਾਲ।**
**ਕਿਸੇ ਆਚਰਨ ਦੇ ਮਾਣ ਵਿਚ ਨਹੀਂ ਦਇਆ ਰਾਮ ਵਿਚ।**

> ਸਭ ਦੁਨੀਆ ਖ਼ਾਲਸੇ ਨੂੰ ਦੇਖ ਕੇ ਖ਼ੁਸ਼ ਹੋਵੇਗੀ, ਦਰਸ਼ਨ ਕਰਕੇ ਕ੍ਰਿਤਾਰਥ ਹੋਵੇਗੀ। ਇਹ ਖ਼ਾਲਸ ਖ਼ਾਲਸਾ ਚਿੰਨ੍ਹ ਮੈਂ ਸਾਰੀ ਦੁਨੀਆ ਆਪਣੀ ਹੱਥੀਂ ਸਦਾ ਬਖ਼ਸ਼ਾਂਗਾ, ਤੁਸੀਂ ਕਾਹਲੇ ਨਾ ਪੈਣਾ; ਬਸ ਸਜੇ ਰਹੋ, ਦੀਦਾਰੇ ਦਿਓ, ਐਨ ਉਵੇਂ ਜਿਵੇਂ ਮੈਂ ਤੁਹਾਨੂੰ ਬਣਾਇਆ ਹੈ। ਮੇਰੇ ਰੂਪ ਦੇ ਨਮੂਨੇ ਰਹੋ। ਸਾਖੀ ਹੋ ਕੇ ਜਗਤ ਖੇਡ ਦੇਖੀ ਜਾਓ। ਕਿਸੀ ਤੰਗ-ਦਿਲੀ ਦਾ ਸ਼ਿਕਾਰ ਨਾ ਹੋ ਜਾਣਾ। ਆਲੀਸ਼ਾਨ ਰਹਿਣਾ। ਮਨੁੱਖ ਜਾਤੀ ਥੀਂ ਵੱਖਰਾ ਕੋਈ ਫ਼ਿਰਕਾ ਫ਼ੁਰਕਾ ਨਾ ਬਣਾਨਾ, ਕੰਵਲ ਵਾਂਗ ਰਹਿਣਾ, ਜਗਮਗ ਜੋਤ ਵਿਚ ਜਾਗਦੇ ਰਹਿਣਾ।

ਸਭ ਦੁਨੀਆ ਖ਼ਾਲਸੇ ਨੂੰ ਦੇਖ ਕੇ ਖ਼ੁਸ਼ ਹੋਵੇਗੀ, ਦਰਸ਼ਨ ਕਰਕੇ ਕ੍ਰਿਤਾਰਥ ਹੋਵੇਗੀ। ਇਹ ਖ਼ਾਲਸ ਖ਼ਾਲਸਾ ਚਿੰਨ੍ਹ ਮੈਂ ਸਾਰੀ ਦੁਨੀਆ ਆਪਣੀ ਹੱਥੀਂ ਸਦਾ ਬਖ਼ਸ਼ਾਂਗਾ, ਤੁਸੀਂ ਕਾਹਲੇ ਨਾ ਪੈਣਾ; ਬਸ ਸਜੇ ਰਹੋ, ਦੀਦਾਰੇ ਦਿਓ, ਐਨ ਉਵੇਂ ਜਿਵੇਂ ਮੈਂ ਤੁਹਾਨੂੰ ਬਣਾਇਆ ਹੈ। ਮੇਰੇ ਰੂਪ ਦੇ ਨਮੂਨੇ ਰਹੋ। ਸਾਖੀ ਹੋ ਕੇ ਜਗਤ ਖੇਡ ਦੇਖੀ ਜਾਓ। ਕਿਸੀ ਤੰਗ-ਦਿਲੀ ਦਾ ਸ਼ਿਕਾਰ ਨਾ ਹੋ ਜਾਣਾ। ਆਲੀਸ਼ਾਨ ਰਹਿਣਾ। ਮਨੁੱਖ ਜਾਤੀ ਥੀਂ ਵੱਖਰਾ ਕੋਈ ਫ਼ਿਰਕਾ ਫ਼ੁਰਕਾ ਨਾ ਬਣਾਨਾ, ਕੰਵਲ ਵਾਂਗ ਰਹਿਣਾ, ਜਗਮਗ ਜੋਤ ਵਿਚ ਜਾਗਦੇ ਰਹਿਣਾ। ਕੁਛ ਇਸ ਤਰ੍ਹਾਂ ਦੇ ਭਾਵਾਂ ਭਰੇ ਕਲਗ਼ੀ ਵਾਲੇ ਨੇ ਆਪਣੇ ਚਿੰਨ੍ਹਾਂ ਦੇ ਅਰਥ ਦੱਸ, ਸਾਡੀਆਂ ਅੱਖਾਂ ਅੱਗੋਂ ਅਲੋਪ ਹੋ ਗਏ।

ਪਰ ਜਿਵੇਂ ਮਾਤਾ ਜੀ ਨੂੰ ਪੰਜ ਤੀਰ ਦਿੱਤੇ ਸਨ ਕਿ ਮੈਂ ਇਹਨਾਂ ਵਿਚ ਤੁਸਾਂ ਨੂੰ ਦਰਸ਼ਨ ਦਿਆ ਕਰਾਂਗਾ, ਬਸ ਉਵੇਂ ਹੀ ਸੱਚੇ ਪਾਤਿਸ਼ਾਹ ਨੇ ਆਪਣੇ ਬੱਚੇ ਖ਼ਾਲਸ ਖ਼ਾਲਸੇ ਨੂੰ ਆਪਣਾ ਸਾਰਾ ਰੂਪ ਬਖ਼ਸ਼ਿਆ। ਸਿਰੀ ਸਾਹਿਬ ਬਖ਼ਸ਼ੀ; ਕੜਾ, ਕੱਛ, ਕਿਰਪਾਨ, ਕੰਘਾ ਬਖ਼ਸ਼ੇ; ਕੇਸ ਬਖ਼ਸ਼ੇ; ਦਾੜ੍ਹਾ ਬਖ਼ਸ਼ਿਆ; ਘੋੜਾ ਚੜ੍ਹਨ ਨੂੰ ਬਖ਼ਸ਼ਿਆ, ਸਰਦਾਰ ਸ਼ਰਤ ਬਖ਼ਸ਼ੀ, ਸਭ ਕੁਛ ਬਖ਼ਸ਼ਿਆ, ਤੇ ਕਿਹਾ, 'ਇਸ ਮੇਰੇ ਰੂਪ ਵਿਚ ਮੈਂ ਜ਼ਰੂਰ ਤੈਨੂੰ ਦਰਸ਼ਨ ਦਿਆ ਕਰਾਂਗਾ; ਮੇਰੀ ਯਾਦਗਾਰ ਨੂੰ ਸਾਂਭ ਕੇ ਰੱਖਣਾ, ਇਹ ਮੇਰੀ ਪੂਜਾ ਤੇ ਪਿਆਰ ਹੈ।'

ਮੇਰਾ ਘਰ, ਮੇਰਾ ਸਾਸ, ਮੇਰਾ ਮੰਦਰ, ਮੇਰਾ ਰੂਪ, ਇਹ ਸਭ ਹੈ ਖ਼ਾਲਸਾ। ਮੇਰੇ, ਤੇਰੇ ਪਾਸ ਅਮਾਨਤ ਰੱਖੇ ਹਨ। ਇਹ ਚੀਜ਼ਾਂ ਮੇਰੀਆਂ ਹਨ, ਤੇਰੀਆਂ ਨਹੀਂ। ਮੰਨਿਆ ਤੈਨੂੰ ਇਹਨਾਂ ਦਾ ਪਤਾ ਨਹੀਂ, ਸਮਝ ਨਹੀਂ, ਪਰ ਮੇਰੀ ਅਮਾਨਤ ਆਪਣੇ ਪਾਸ ਰੱਖੀਂ; ਰੋਜ਼ ਧੂਪ ਦੀਪ ਕਰੀਂ। ਮੈਨੂੰ ਯਾਦ ਕਰੀਂ। ਜਿਵੇਂ ਮੈਂ ਆਪਣੇ ਇਕ ਵੇਰੀ ਇਕ ਜਾਮੇ ਵਿਚ ਸ਼ਸਤਰ ਰੱਖੇ ਸਨ ਤੇ ਦੂਜੇ ਜਾਮੇ ਵਿਚ ਆ ਲਏ ਸਨ; ਇਵੇਂ ਹੀ ਮੈਂ ਇਸੇ ਬਖ਼ਸ਼ੇ ਰੂਪ ਵਿਚ ਤੇਰੇ ਪਾਸ ਆ ਕੇ ਆਪਣੀ ਅਮਾਨਤ ਸਾਂਭਾਂਗਾ। ਖ਼ਬਰਦਾਰ! ਜੇ ਮੇਰੀ ਅਮਾਨਤ ਕਿਸੀ ਹੋਰ ਨੂੰ ਦੇਵੇਂ ਯਾ ਬਖ਼ਸ਼ੇਂ ਯਾ ਅਜਾਈਂ ਸੁੱਟੇ, ਯਾ ਤ੍ਰਿਸਕਾਰੇਂ ਯਾ ਰੋਜ਼ ਦੀਦਾਰ ਨਾ ਕਰੇਂ। ਸਾਂਭ ਕੇ ਰੱਖੀਂ, ਹੇ ਖ਼ਾਲਸਾ! ਤੂੰ ਦੇਖੇਂਗਾ ਕਿ ਜਦ ਮੇਰੇ ਰੂਪ ਦੇ ਤੂੰ ਆਪਣੇ ਇਸ ਮੇਰੇ ਦਿੱਤੇ ਰੂਪ ਵਿਚ ਦੀਦਾਰ ਕਰੇਂਗਾ, ਤੈਨੂੰ ਇਹੋ ਅਮਾਨਤਾਂ ਕਿੰਨੀਆਂ ਖ਼ੁਸ਼ੀ ਕਰਸਨ। ਇਹੋ ਫ਼ਕੀਰੀ, ਇਹੋ ਅਮੀਰੀ, ਇਸੇ ਵਿਚ ਤੈਨੂੰ ਸਭ ਕੁਛ ਪ੍ਰਾਪਤ ਹੋਵੇਗਾ। ਇਹ ਚਿੰਨ੍ਹ ਨਹੀਂ ਹਨ; ਮਜ਼ਹਬੀ ਰੱਖਾਂ ਨਹੀਂ ਹਨ; ਇਹ ਮਜ਼ਹਬੀ ਵਹਿਮ ਨਹੀਂ; ਇਹ ਭੇਖ ਨਹੀਂ; ਇਹ ਮੇਰਾ ਰੂਪ, ਮੇਰੇ ਕੇਸ ਹਨ, ਮੇਰਾ ਦਾੜ੍ਹਾ, ਮੇਰਾ ਕੜਾ, ਮੇਰੀ ਤਲਵਾਰ ਹੈ, ਮੇਰੀ ਕੱਛ, ਮੇਰੀ ਕਿਰਪਾਨ ਹੈ, ਇਹ ਕੰਘਾ ਮੇਰਾ ਹੈ। ਹੇ ਖ਼ਾਲਸਾ! ਮੇਰੇ ਪਿਆਰ ਵਿਚ, ਮੇਰੀ ਯਾਦ ਵਿਚ, ਮੇਰੀਆਂ ਮਾਤ ਲੋਕੀ ਰੂਪ ਦੀਆਂ ਚੀਜ਼ਾਂ ਜੋ ਮੇਰੀਆਂ ਹੋਣ ਕਰਕੇ ਲਾਫ਼ਾਨੀ ਤੇ ਅਬਦਲ ਹਨ, ਤੂੰ ਧਾਰਨ ਕਰ। ਖ਼ਬਰਦਾਰ! ਬੇ-ਅਦਬੀ ਨਾ ਕਰਨਾ। ਕਲਗ਼ੀਆਂ ਵਾਲੇ ਦੇ ਚਿੱਤ ਚਾ ਲਿਆ, ਬਾਜ਼ਾਂ ਵਾਲੇ ਨੇ ਫ਼ੈਸਲਾ ਕੀਤਾ, ਸੋਹਣੇ ਸਾਈਂ ਨੇ ਧਰਮ-ਬਰਤ ਧਾਰਨ ਕੀਤਾ, ਆਕਾਸ਼ ਕੰਬੇ, ਧਰਤੀ ਚਰਨਾਂ ਹੇਠ ਥਰਥਰਾਈ, ਚਰ ਅਚਰ ਸਹਿਮੇ, ਕੀ ਅਸੀਂ ਨਿਮਾਣੇ ਇਸ ਦੈਵੀ ਬਲ ਨੂੰ ਝੱਲ ਸਕਾਂਗੇ।

ਸਤਿਗੁਰੂ ਨੇ ਆਪਣੀ ਹੱਥੀਂ ਖ਼ਾਲਸਾ ਸਜਾਇਆ, ਖ਼ਾਲਸੇ ਨੂੰ ਆਪਣਾ ਰੂਪ ਬਖ਼ਸ਼ਿਆ ਤੇ ਆਪਣੇ ਰੂਪ ਵਿਚ ਆਪਣੇ ਦਰਸ਼ਨ ਦੇਣ ਦਾ ਅਸੀਸੀ ਇਕਰਾਰ ਕੀਤਾ :

**ਅੱਜ ਦਿਓ ਦੀਦਾਰ**
**ਕੇ ਕਰ ਇਕਰਾਰ ਗਏ ਹੋ।**

# ਕੇਸਾਂ ਦੀ ਮਹੱਤਤਾ ਅਤੇ ਸੇਵਾ ਸੰਭਾਲ

**ਭਾਈ ਕੁਲਬੀਰ ਸਿੰਘ, ਟੋਰਾਂਟੋ**

ਕੇਸ ਗੁਰੂ ਜੀ ਦੀ ਮੋਹਰ ਹਨ ਅਤੇ ਕੇਸਾਂ ਦਾ ਸਤਿਕਾਰ ਰੱਖਣਾ ਸਤਿਗੁਰਾਂ ਦਾ ਸਤਿਕਾਰ ਕਰਨਾ ਹੈ। ਕੇਸਾਂ ਦੀ ਸੰਭਾਲ ਲਈ ਸਤਿਗੁਰੂ ਜੀ ਨੇ ੨ ਕਕਾਰ ਬਖਸ਼ੇ ਹਨ - ਕੇਸਕੀ ਅਤੇ ਲੱਕੜ ਦਾ ਕੰਘਾ, ਜਿਸ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਗੁਰੂ ਜੀ ਨੂੰ ਕੇਸ ਬਹੁਤ ਹੀ ਅਜ਼ੀਜ਼ ਹਨ। ਕੇਸਕੀ ਨਾਲ ਹਰ ਸਮੇਂ ਕੇਸਾਂ ਨੂੰ ਢੱਕ ਕੇ ਰੱਖਣਾ ਸਿੱਖੀ ਰਹਿਤ ਦਾ ਹਿੱਸਾ ਹੈ ਅਤੇ ਲੱਕੜ ਦੇ ਕੰਘੇ ਨਾਲ ਕੇਸਾਂ ਨੂੰ ਦਿਨ ਵਿਚ ੨ ਵਾਰ ਵਾਹੁਣਾ ਵੀ ਲਾਜ਼ਮੀ ਹੈ ਤਾਂ ਜੋ ਕੇਸ ਸਾਫ਼-ਸੁੱਥਰੇ ਅਤੇ ਤੰਦਰੁਸਤ ਰਹਿਣ। ਸਚਿਆਰ ਸਿੱਖ ਕੇਸਾਂ ਦੀ ਬੇਅਦਬੀ ਕਦੇ ਸੁ.ਫਨੇ ਵਿਚ ਵੀ ਨਹੀਂ ਕਰਦਾ ਅਤੇ ਕੇਸਾਂ ਦਾ ਸਤਿਕਾਰ ਕਾਇਮ ਰੱਖਣ ਵਾਸਤੇ ਕੇਸਾਂ ਦੀ ਸਫ਼ਾਈ ਅਤੇ ਸੰਭਾਲ ਦਾ ਖ਼ਾਸ-ਖ਼ਿਆਲ ਰੱਖਦਾ ਹੈ।

ਕੇਸ ਗੁਰੂ ਦੀ ਮੋਹਰ ਹਨ। ਸਿੱਖੀ ਰਹਿਤ ਦਾ ਆਗ਼ਾਜ਼ (ਆਰੰਭ) ਹੀ ਕੇਸ ਰੱਖਣ ਤੋਂ ਹੁੰਦਾ ਹੈ। ਇਹ ਖ਼ਿਆਲ ਦਰੁਸਤ ਨਹੀਂ ਹੈ ਕਿ ਕੇਸ ਸਿਰਫ਼ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਲਾਜ਼ਮੀ ਕਰਾਰ ਦਿੱਤੇ ਸਨ ਬਲਕਿ ਅਸਲੀਅਤ ਇਹ ਹੈ ਕਿ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਕੇਸ ਰੱਖਣ ਦਾ ਹੁਕਮ ਫੁਰਮਾ ਦਿੱਤਾ ਸੀ। ਮੱਕੇ ਦੀ ਗੋਸ਼ਟਿ ਜੋ ਕਿ ਪੁਰਾਤਨ ਜਨਮ ਸਾਖੀਆਂ ਵਿਚ ਦਰਜ ਹੈ, ਵਿਚ ਗੁਰੂ ਸਾਹਿਬ ਨੇ ਮੁਸਲਿਮ ਪੀਰਾਂ-ਫ਼ਕੀਰਾਂ ਨਾਲ ਗੱਲਬਾਤ ਕਰਦਿਆਂ ਕੇਸਾਂ ਦੀ ਮਹੱਤਤਾ ਬਾਰੇ ਇਸ ਤਰ੍ਹਾਂ ਫੁਰਮਾਇਆ ਸੀ :

**ਜਵਾਬ ਨਾਨਕ ਸ਼ਾਹ ਸੂਰਾ:**
**ਸਚੀ ਸੁਨਿਤ ਰਬ ਕੀ ਮੋਇਆ ਲੈ ਆਇਆ ਨਾਲਿ।**
**ਜੋ ਰਖੇ ਮੋਇ ਅਮਾਨਤੀ ਖਾਸਾ ਬੰਦਾ ਭਾਲਿ।**
**ਅਵਲ ਸੁੰਨਤ ਮੋਇ ਹੈ ਸਿਰ ਪਰ ਰਖੇ ਕੋਇ।**
**ਪਾਵੇ ਮਰਾਤਬਾ ਸਯਦੀ ਬਡਾ ਰਿਖੀਸਰ ਹੋਇ।**
**(ਮਕੇ ਮਦੀਨੇ ਦੀ ਗੋਸਟਿ, ਪੰਨਾ ੧੪੪, ਪੰਜਾਬੀ ਯੂਨੀਵਰਸਟੀ)**

'ਮੋਇ' ਜਾਂ 'ਮੋਇਆ' ਫ਼ਾਰਸੀ ਜ਼ੁਬਾਨ ਵਿਚ ਕੇਸਾਂ ਨੂੰ ਕਹਿੰਦੇ ਹਨ। ਗੁਰੂ ਸਾਹਿਬ ਨੇ ਮੁਸਲਿਮ ਫਕੀਰਾਂ ਨੂੰ ਸਿੱਖ ਰਹਿਤ ਦੱਸਦਿਆਂ ਹੋਇਆਂ ਫੁਰਮਾਇਆ ਸੀ ਕਿ "ਅਵਲ ਸੁੰਨਤ" ਭਾਵ ਪਹਿਲੀ ਰਹਿਤ ਹੈ ਕਿ "ਸਿਰ ਪਰ ਕੇਸ (ਮੋਇ) ਰੱਖੇ।"

ਇਸ ਤੋਂ ਇਲਾਵਾ ਗੁਰਬਾਣੀ ਵਿਚ ਦਰਜ, ਹੇਠ ਲਿਖੇ ਫੁਰਮਾਨ, ਸਤਿਗੁਰਾਂ ਅਤੇ ਭਗਤਾਂ ਦੇ ਸਰੀਰਾਂ ਕੇਸਾਂ ਦੀ ਹੋਂਦ ਬਾਰੇ ਚਾਨਣ ਪਾਉਂਦੇ ਹਨ :

**ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ ॥੧॥ ਰਹਾਉ ॥ ( ॥੪॥੨॥)**
**(ਪ੍ਰਭਾਤੀ ਮਹਲਾ ੪, ਪੰਨਾ : ੧੩੩੫)**

ਉਪਰੋਕਤ ਪੰਕਤੀ ਵਿਚ ਸਤਿਗੁਰੂ, ਜਿਸ ਨੇ ਮਿਠਾ ਨਾਮ ਦ੍ਰਿੜਾਇਆ ਹੈ, ਦੇ ਚਰਨ ਕੇਸਾਂ (ਬਾਲਾਂ) ਨਾਲ ਝਾੜਨ ਦੀ ਗੱਲ ਕੀਤੀ ਹੈ। ਅਜਿਹੀ ਗੱਲ ਉਹੀ ਕਹਿ ਸਕਦਾ ਹੈ, ਜਿਸ ਦੇ ਲੰਬੇ ਕੇਸ ਹੋਣ। ਕੇਸ ਕਤਲ ਕਰਨ ਵਾਲਾ ਅਤੇ ਬੋਦਿਆਂ ਵਾਲਾ ਵਿਅਕਤੀ ਅਜਿਹੀ ਗੱਲ ਨਹੀਂ ਕਹਿ ਸਕਦਾ।

**ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ ॥...੫੨॥ ( ॥੬੭॥)**
**(ਸਲੋਕ ਵਾਰਾਂ ਤੇ ਵਧੀਕ, ਸਲੋਕ ਮਹਲਾ ੩, ਪੰਨਾ : ੧੪੧੯)**

ਉਪਰੋਕਤ ਪੰਕਤੀ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬ ਆਪਣੇ ਗੁਰਸਿੱਖਾਂ ਦੇ ਮੂੰਹਾਂ 'ਤੇ ਦਾੜ੍ਹੀਆਂ ਦੇਖਦੇ ਹਨ। ਜਿਸ ਨੇ ਮੂੰਹ ਤੋਂ ਦਾੜ੍ਹੀ ਰਗੜ ਕੇ ਘੋਨ-ਮੋਨ ਮੂੰਹ ਕੀਤਾ ਹੋਵੇ, ਉਸ 'ਤੇ ਉਪਰ ਦਰਜ ਗੁਰਵਾਕ ਕਿਵੇਂ ਢੁੱਕ ਸਕਦਾ ਹੈ? ਜਿਸ ਦੇ ਮੂੰਹ 'ਤੇ ਦਾੜ੍ਹੀ ਹੋਵੇਗੀ, ਉਸ ਦੀ ਹੀ ਦਾੜ੍ਹੀ, ਤਾਂ ਸੱਚੀ ਮੰਨੀ ਜਾਵੇਗੀ ਜੇਕਰ ਉਹ ਗੁਰ ਚਰਨੀਂ ਲੱਗੇ ਭਾਵ ਮੱਥਾ ਟੇਕਣ ਵੇਲੇ ਫਰਸ਼ 'ਤੇ ਲੱਗੇ। ਇਸ ਪੰਕਤੀ ਵਿਚੋਂ ਇਕ ਹੋਰ ਗੁਰਮਤਿ ਸਿਧਾਂਤ ਸਿੱਧ ਹੋ ਜਾਂਦਾ ਹੈ ਕਿ ਦਾੜ੍ਹੀ ਬੰਨ੍ਹਣੀ ਨਹੀਂ ਚਾਹੀਦੀ ਕਿਉਂਕਿ ਬੰਨ੍ਹੀ ਹੋਈ ਦਾੜ੍ਹੀ, ਜੋ ਕਿ ਮੂੰਹ ਨਾਲ ਚਿਪਕਾਈ ਹੋਵੇ, ਉਹ ਮੱਥਾ ਟੇਕਣ ਵੇਲੇ ਗੁਰ ਚਰਨੀਂ ਕਿਵੇਂ ਲੱਗ ਸਕਦੀ ਹੈ? ਸੋ, ਦਾੜ੍ਹੀ ਕੱਟਣੀ ਜਾਂ ਬੰਨ੍ਹਣੀ ਗੁਰਮਤਿ ਵਿਚ ਮਨ੍ਹਾਂ ਹੈ।

**ਸਾਬਤ ਸੂਰਤ ਰਬ ਕੀ ਭੰਨੇ ਬੇਈਮਾਨ। ਦਰਗਹਿ ਢੋਈ ਨਾ ਮਿਲੇ ਕਾਫਰ ਕੁਤਾ ਸੈਤਾਨ। (ਜਨਮਸਾਖੀ ਗੁਰੂ ਨਾਨਕ ਦੇਵ ਜੀ)**

(ਰਬ ਦੀ ਬਖਸ਼ੀ ਹੋਈ ਸੂਰਤ ਨੂੰ ਕੇਸ ਕੱਟ ਕੇ ਜਾਂ ਨੱਕ ਕੰਨ ਛੇਦ ਕੇ ਭੰਨਣਵਾਲਾ ਬਈਮਾਨ ਹੈ। ਅਜਿਹੇ ਕਾਫਰ, ਕੁੱਤੇ ਅਤੇ ਸ਼ੈਤਾਨ ਨੂੰ ਦਰਗਾਹ ਵਿਖੇ ਢੋਈ ਨਹੀਂ ਮਿਲਦੀ)

**ਨਾਈ ਦਾ ਹਥ ਸੀਸ ਚਿਹਰੇ ਨਾ ਲਗਣ ਪਾਵੈ। ਕੇਸਾਧਾਰੀ ਗੁਰੂ ਕਾ ਪੰਥ ਕਹਾਵੈ। (ਬੰਸਾਵਲੀਨਾਮਾ, ਭਾਈ ਕੇਸਰ ਸਿੰਘ ਛਿਬਰ)**

(ਨਾਈ ਦਾ ਹੱਥ ਸੀਸ ਜਾਂ ਮੂੰਹ 'ਤੇ ਕਦੇ ਨਾ ਲੱਗੇ। ਕੇਸਾਧਾਰੀ ਹੀ ਗੁਰੂ ਕੇ ਪੰਥ ਦਾ ਹਿੱਸਾ ਕਹਾ ਸਕਦਾ ਹੈ।)

ਅਜਿਹੇ ਹੋਰ ਬਹੁਤ ਗੁਰ-ਪ੍ਰਮਾਣ ਦਿੱਤੇ ਜਾ ਸਕਦੇ ਹਨ ਜਿਨ੍ਹਾਂ ਤੋਂ ਇਹ ਭਲੀ-ਭਾਂਤਿ ਸਿੱਧ ਹੋ ਜਾਂਦਾ ਹੈ ਕਿ ਕੇਸ ਰੱਖਣੇ ਅਤੇ ਗੁਰਮੁਖੀ ਦਾੜ੍ਹਾ ਪ੍ਰਕਾਸ਼ ਰੂਪ ਵਿਚ ਚਿਹਰੇ 'ਤੇ ਰੱਖਣਾ ਸਤਿਗੁਰੂ ਜੀ ਦੇ ਸਮੇਂ ਤੋਂ ਹੀ ਲਾਜ਼ਮੀ ਹੈ। ਹੋਰ ਕੇਸਾਂ ਦੀ ਮਹਾਨਤਾ ਅਤੇ ਲਾਜ਼ਮੀਅਤ ਬਾਰੇ ਕੀ ਕਿਹਾ ਜਾਵੇ ਜਦਕਿ ਕੇਸਾਂ ਦੀ ਬੇਅਦਬੀ ਕਰਨੀ ਚਾਰ ਬੱਜਰ ਕੁਰਹਿਤਾਂ ਵਿਚ ਸ਼ਾਮਲ ਹੈ। ਕੋਈ ਵੀ ਸਿੱਖ ਜੋ ਇਕ ਵੀ ਬੱਜਰ ਕੁਰਹਿਤ ਕਰ ਲਵੇ, ਉਹ ਸਚਿਆਰ ਸਿੱਖ ਦੇ ਮਰਤਬੇ ਤੋਂ ਡਿੱਗ ਕੇ ਪਤਿਤ ਹੋ ਜਾਂਦਾ ਹੈ ਅਤੇ ਉਦੋਂ ਤੱਕ ਪਤਿਤ ਹੀ ਰਹਿੰਦਾ ਹੈ ਜਦ ਤੱਕ ਉਹ ਦੁਬਾਰਾ ਪੰਜਾਂ ਪਿਆਰਿਆਂ ਦੇ ਦਰਬਾਰ ਵਿਚ ਪੇਸ਼ ਹੋ ਕੇ,

ਤਨਖ਼ਾਹ (ਸਜ਼ਾ) ਲਵਾ ਕੇ ਦੁਬਾਰਾ ਅੰਮ੍ਰਿਤ ਨਾ ਛਕ ਲਵੇ।

## ਕੇਸਾਂ ਦੀ ਸੰਭਾਲ

ਕੇਸ ਗੁਰੂ ਜੀ ਦੀ ਮੋਹਰ ਹਨ ਅਤੇ ਕੇਸਾਂ ਦਾ ਸਤਿਕਾਰ ਰੱਖਣਾ ਸਤਿਗੁਰਾਂ ਦਾ ਸਤਿਕਾਰ ਕਰਨਾ ਹੈ। ਕੇਸਾਂ ਦੀ ਸੰਭਾਲ ਲਈ ਸਤਿਗੁਰੂ ਜੀ ਨੇ ੨ ਕਕਾਰ ਬਖਸ਼ੇ ਹਨ - ਕੇਸਕੀ ਅਤੇ ਲੱਕੜ ਦਾ ਕੰਘਾ, ਜਿਸ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਗੁਰੂ ਜੀ ਨੂੰ ਕੇਸ ਬਹੁਤ ਹੀ ਅਜ਼ੀਜ਼ ਹਨ। ਕੇਸਕੀ ਨਾਲ ਹਰ ਸਮੇਂ ਕੇਸਾਂ ਨੂੰ ਢੱਕ ਕੇ ਰੱਖਣਾ ਸਿੱਖੀ ਰਹਿਤ ਦਾ ਹਿੱਸਾ ਹੈ ਅਤੇ ਲੱਕੜ ਦੇ ਕੰਘੇ ਨਾਲ ਕੇਸਾਂ ਨੂੰ ਦਿਨ ਵਿਚ ੨ ਵਾਰ ਵਾਹੁਣਾ ਵੀ ਲਾਜ਼ਮੀ ਹੈ ਤਾਂ ਜੋ ਕੇਸ ਸਾਫ਼-ਸੁੱਥਰੇ ਅਤੇ ਤੰਦਰੁਸਤ ਰਹਿਣ। ਸਚਿਆਰ ਸਿੱਖ ਕੇਸਾਂ ਦੀ ਬੇਅਦਬੀ ਕਦੇ ਸੁਫ਼ਨੇ ਵਿਚ ਵੀ ਨਹੀਂ ਕਰਦਾ ਅਤੇ ਕੇਸਾਂ ਦਾ ਸਤਿਕਾਰ ਕਾਇਮ ਰੱਖਣ ਵਾਸਤੇ ਕੇਸਾਂ ਦੀ ਸਫ਼ਾਈ ਅਤੇ ਸੰਭਾਲ ਦਾ ਖ਼ਾਸ-ਖ਼ਿਆਲ ਰੱਖਦਾ ਹੈ। ਕੇਸਾਂ ਦੀ ਸੇਵਾ-ਸੰਭਾਲ ਲਈ ਹੇਠ ਲਿਖੇ ਕੁਝ ਨੁਕਤੇ ਵਿਚਾਰਨਯੋਗ ਹਨ ਅਤੇ ਅਮਲ ਵਿਚ ਲਿਆਉਣੇ ਲਾਜ਼ਮੀ ਹਨ :

• ਅੰਮ੍ਰਿਤ ਵੇਲੇ ਉਠ ਕੇ ਗੁਰਮਤਿ ਇਸ਼ਨਾਨ ਕਰਨਾ ਹਰ ਸਿੱਖ ਲਈ ਫ਼ਰਜ਼ ਹੈ। ਗੁਰਮਤਿ ਇਸ਼ਨਾਨ ਸੋ ਹੈ, ਜੋ ਗੁਰਮਤਿ ਅਨੁਸਾਰ ਗੁਰਬਾਣੀ ਦਾ ਪਾਠ ਕਰਦਿਆਂ ਜਾਂ ਨਾਮ ਜਪਦਿਆਂ ਸਕੇਸ਼ੀਂ ਕੀਤਾ ਜਾਵੇ। ਸਰੀਰ ਦਾ ਸ਼੍ਰੋਮਣੀ ਹਿੱਸਾ ਤਾਂ ਸਿਰ ਹੈ ਅਤੇ ਜੇਕਰ ਕੋਈ ਮੂੰਹ ਸਿਰ ਹੀ ਨਾ ਨ੍ਹਾਵੇ ਅਤੇ ਕੇਵਲ ਪਿੰਡੇ ਦਾ ਹੀ ਇਸ਼ਨਾਨ ਕਰਾਵੇ ਤਾਂ ਅਜਿਹਾ ਇਸ਼ਨਾਨ ਅਧੂਰਾ ਇਸ਼ਨਾਨ ਹੈ ਅਤੇ ਗੁਰਮਤਿ ਅਨੁਕੂਲ ਨਹੀਂ ਹੈ। ਕੇਸਾਂ ਸਹਿਤ ਸਾਰੇ ਪਿੰਡੇ ਦਾ, ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੀ, ਨਿਤਾਪ੍ਰਤਿ ਠੰਡੇ ਪਾਣੀ ਨਾਲ, ਨਾਮ ਜਪਦਿਆਂ ਹੋਇਆਂ ਇਸ਼ਨਾਨ ਕਰਨਾ ਗੁਰਮਤਿ ਇਸ਼ਨਾਨ ਹੈ, ਜੋ ਕਿ ਹਰ ਗੁਰਸਿੱਖ ਲਈ ਕਰਨਾ ਜ਼ਰੂਰੀ ਹੀ ਨਹੀਂ ਬਲਕਿ ਪਰਮ ਲਾਜ਼ਮੀ ਹੈ।

• ਕੇਸੀਂ ਇਸ਼ਨਾਨ ਕਰਕੇ, ਕੇਸਾਂ ਨੂੰ ਹਰੇ ਕਰਨਾ (ਭਾਵ ਸੁਕਾਉਣਾ) ਵੀ ਜ਼ਰੂਰੀ ਹੈ ਨਹੀਂ ਤਾਂ ਕੇਸਾਂ ਵਿਚੋਂ ਬਦਬੂ ਆਉਣ ਲੱਗ ਪੈਂਦੀ ਹੈ ਜਿਸ ਨਾਲ ਕੇਸਾਂ ਦੀ ਬੇਅਦਬੀ ਹੁੰਦੀ ਹੈ ਅਤੇ ਨਿੰਦਕਾਂ ਨੂੰ ਗੱਲ ਕਰਨ ਦਾ ਮੌਕਾ ਮਿਲਦਾ ਹੈ। ਜੋ ਗੁਰਸਿੱਖ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਹਨ, ਉਹ ਨਾਮ ਅਭਿਆਸ ਕਰਦੇ ਹੋਏ ਕੇਸ ਪਿੱਛੇ ਨੂੰ ਖੋਲ੍ਹ ਕੇ ਨਾਮ ਜਪ ਸਕਦੇ ਹਨ। ਇਸ ਤਰ੍ਹਾਂ ਨਾਮ ਜਪਦਿਆਂ ਹੋਇਆਂ ਸੁੱਤੇ ਹੀ ਕੇਸ ਹਰੇ ਹੋ ਜਾਂਦੇ ਹਨ। ਜੇਕਰ ਸੰਗਤ ਵਿਚ ਜਾਣ ਦੀ ਕਾਹਲੀ ਹੋਵੇ ਤਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੁਝਾਏ ਤਰੀਕੇ ਅਨੁਸਾਰ ਖੱਦਰ ਦੀ ਕੇਸਕੀ ਬੰਨ੍ਹ ਕੇ ਤੇ ਦਸਤਾਰ ਸਜਾ ਕੇ ਜਾਣ ਨਾਲ ਵੀ ਕਾਫ਼ੀ ਹੱਦ ਤੱਕ ਕੇਸ ਹਰੇ ਹੋ ਜਾਂਦੇ ਹਨ। ਇਕ ਹੋਰ ਤਰੀਕਾ ਅੱਜਕੱਲ੍ਹ ਮੁਯੱਸਰ (ਹਾਸਲ) ਹੈ ਕਿ ਬਿਜਲੀ ਦੇ ਪੱਖੇ ਸਾਹਮਣੇ ਕੁਝ ਸਮਾਂ ਕੇਸਾਂ ਨੂੰ ਕਰਕੇ ਛੇਤੀਂ ਹੀ ਕੇਸ ਹਰੇ ਕੀਤੇ ਜਾ ਸਕਦੇ ਹਨ। ਕੇਸਾਂ ਨੂੰ ਹਰੇ ਕਰਨ ਦੀ ਇਕ ਹੋਰ ਜੁਗਤੀ ਇਹ ਹੈ ਕਿ ਬਿਜਲੀ ਦੇ ਡਰਾਇਅਰ ਨਾਲ ਮਿੰਟਾਂ ਵਿਚ ਹੀ ਕੇਸ ਹਰੇ ਕੀਤੇ ਜਾ ਸਕਦੇ ਹਨ ਪਰ ਖ਼ਿਆਲ ਇਹ ਰੱਖਣਾ ਚਾਹੀਦਾ ਹੈ ਕਿ ਕੇਸਾਂ ਦੀਆਂ ਜੜ੍ਹਾਂ ਦੇ ਲਾਗੇ ਡਰਾਇਅਰ ਦੀ ਹਵਾ ਜ਼ਿਆਦਾ ਨਹੀਂ ਲੱਗਣ ਦੇਣੀ ਚਾਹੀਦੀ ਕਿਉਂਕਿ ਇਸ ਨਾਲ ਕੇਸ ਝੜ ਸਕਦੇ ਹਨ।

• ਕਈ ਸਿੱਖ ਹਫ਼ਤੇ ਵਿਚ ਇਕ-ਅੱਧੀ ਵਾਰੀ ਕੇਸੀਂ ਇਸ਼ਨਾਨ ਕਰਦੇ ਹਨ ਅਤੇ ਜਦੋਂ ਉਹ ਕੇਸੀਂ ਇਸ਼ਨਾਨ ਕਰਦੇ ਹਨ ਤਾਂ ਸਾਰੀ ਦੁਨੀਆ ਨੂੰ ਇਸ ਦੀ ਖ਼ਬਰ ਪਹੁੰਚ ਜਾਂਦੀ ਹੈ ਕਿਉਂਕਿ ਉਹ ਸਾਰਾ ਦਿਨ ਕੇਸਾਂ ਨੂੰ ਪਿੱਛੇ ਵੱਲ ਸੁੱਟ ਕੇ ਸ਼ਹਿਰ ਦੀਆਂ ਗਲੀਆਂ, ਕੂਚਿਆਂ ਵਿਚ ਅਤੇ ਬਾਜ਼ਾਰਾਂ ਵਿਚ ਤੁਰੇ ਫਿਰਦੇ ਹਨ। ਉਹ ਸ੍ਰੀ ਆਸਾ ਕੀ ਵਾਰ ਵਿਚਲੇ ਇਸ ਫ਼ੁਰਮਾਨ ਦੇ ਫਤਵੇ ਤੋਂ ਨਹੀਂ ਬਚ ਸਕਦੇ ਕਿ - "ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥...॥੨॥" (ਮਹਲਾ ੧, ਪੰਨਾ : ੪੬੫) ਭਾਵ ਰਾਵਾ (ਮਿੱਟੀ-ਘੱਟਾ) ਉਨ੍ਹਾਂ ਦੇ ਕੇਸਾਂ ਵਿਚ ਪੈਂਦਾ ਹੈ ਅਤੇ ਉਹ ਲੋਕਾਂ ਦੇ ਮਜ਼ਾਕ ਦਾ ਪਾਤਰ ਬਣ ਕੇ ਆਪਣੀ ਅਤੇ ਸਾਰੇ ਸਿੱਖਾਂ ਦੀ ਖਿੱਲੀ ਉਡਾਉਣ ਲਈ ਜ਼ਿੰਮੇਵਾਰ ਬਣਦੇ ਹਨ। ਓਦਾਂ ਵੀ ਕੇਸ ਖਿਲਾਰ ਕੇ, ਬਿਨ੍ਹਾਂ ਦਸਤਾਰ ਸਜਾਏ ਬਾਜ਼ਾਰਾਂ ਵਿਚ ਤੁਰੇ ਫਿਰਨਾ ਸਿੱਖ ਰਹਿਤ ਮਰਿਯਾਦਾ ਦੀ ਉਲੰਘਣਾ ਹੈ ਜਿਸ ਤੋਂ ਹਰ ਸਿੱਖ ਨੂੰ ਬਚਣਾ ਚਾਹੀਦਾ ਹੈ।

ਭਾਈ ਨੰਦ ਲਾਲ ਜੀ ਵਲੋਂ ਲਿਖੇ ਰਹਿਤਨਾਮੇ ਵਿਚਲੀਆਂ ਇਨ੍ਹਾਂ ਸਤਰਾਂ ਮੁਤਾਬਕ - "ਕੰਘਾ ਦੋਨੋ ਵਕਤ ਕਰ ਪਾਗ ਚੁਨੈ ਕਰ ਬਾਂਧਈ॥" - ਸਿੱਖ ਵਾਸਤੇ ਲਾਜ਼ਮੀ ਹੈ ਕਿ ਉਹ ਦੋਨੋਂ ਵਕਤ ਕੇਸਾਂ ਵਿਚ ਕੰਘਾ ਕਰੇ ਤਾਂ ਜੋ ਮੁਰਦਾ ਕੇਸ ਝੜ ਜਾਣ ਅਤੇ ਕੇਸਾਂ ਦੀ ਸਫ਼ਾਈ ਰਹੇ। ਇਸ ਤੋਂ ਇਲਾਵਾ ਕੇਸਕੀ ਵੀ ਹਰ ਰੋਜ਼ ਬਦਲਣੀ ਚਾਹੀਦੀ ਹੈ ਅਤੇ ਇਸ਼ਨਾਨ ਤੋਂ ਬਾਅਦ ਸੁੱਚੀ ਕੇਸਕੀ ਸਜਾਉਣੀ ਚਾਹੀਦੀ ਹੈ। ਕਈ ਸਿੱਖ ਜਾਣੇ-ਅਣਜਾਣੇ ਵਿਚ ਕਈ-ਕਈ ਦਿਨ ਕੇਸਕੀ ਬਦਲਦੇ ਹੀ ਨਹੀਂ ਜਿਸ ਨਾਲ ਕੇਸਕੀ 'ਚੋਂ ਬਦਬੂ ਆਉਣ ਲੱਗ ਪੈਂਦੀ ਹੈ। ਹਰ ਰੋਜ਼ ਗੰਦੀ ਕੇਸਕੀ ਬੰਨ੍ਹਣ ਕਰਕੇ ਉਨ੍ਹਾਂ ਦਾ ਨੱਕ ਮਰ ਚੁੱਕਿਆ ਹੁੰਦਾ ਹੈ ਅਤੇ ਉਨ੍ਹਾਂ ਨੂੰ ਗੰਦੀ ਕੇਸਕੀ ਦਾ ਮੁਸ਼ਕ ਨਹੀਂ ਆਉਂਦਾ। ਇਸ ਲਈ ਜਦੋਂ ਕੋਈ ਉਨ੍ਹਾਂ ਨੂੰ ਇਸ ਬਾਰੇ ਸੁਚੇਤ ਕਰਦਾ ਹੈ ਤਾਂ ਉਹ ਇਹ ਨੇਕ ਸਲਾਹ ਮੰਨਣ ਵਲੋਂ ਆਕੀ ਰਹਿੰਦੇ ਹਨ।

ਅੱਜ ਵੱਡੀ ਗਿਣਤੀ ਵਿਚ ਸਿੱਖ ਕਹਾਉਂਦੇ ਵਿਅਕਤੀ ਆਪਣੇ ਦਾੜ੍ਹੇ ਬੰਨ੍ਹਦੇ ਹਨ, ਜੋ ਕਿ ਕਿਸੇ ਤਰ੍ਹਾਂ ਵੀ ਸਹੀ ਨਹੀਂ ਹੈ ਅਤੇ ਕੇਸਾਂ ਦੀ ਬੇਅਦਬੀ ਵਿਚ ਸ਼ਾਮਲ ਹੈ। ਦਾੜ੍ਹੀ ਨੂੰ ਤੁੰਨ ਕੇ ਭਾਵ ਬੰਨ੍ਹ ਕੇ ਮੁੰਨੀ ਦਾੜ੍ਹੀ ਦੀ ਸ਼ਕਲ ਦੇਣ ਦਾ ਕੋਝਾ ਕੁਕਰਮ ਅਤਿ-ਨਿੰਦਣਜੋਗ ਹੈ ਅਤੇ ਇਹ ਵੱਡੀ ਕਮਜ਼ੋਰੀ ਹੈ, ਜੋ ਕਿ ਗੁਰੂ ਦਸਮੇਸ਼ ਜੀ ਦਾ ਨਿਰਭੈ ਖ਼ਾਲਸਾ ਕਦੇ ਨਹੀਂ ਕਰ ਸਕਦਾ। ਅੱਜ-ਕੱਲ੍ਹ ਇਹ ਦੇਖਣ ਵਿਚ ਆ ਰਿਹਾ ਹੈ ਕਿ ਖ਼ਾਸ ਕਰਕੇ ਦਫ਼ਤਰੀ ਨੌਕਰੀਆਂ ਕਰਨ ਵਾਲੇ ਬਹੁਤੇ ਸਿੱਖ ਦਾੜ੍ਹੀ ਨੂੰ ਬੰਨ੍ਹਦੇ ਹਨ ਕਿਉਂਕਿ ਉਹ ਬਹੁਗਿਣਤੀ ਆਨਮਤੀਆਂ ਤੋਂ ਇਸ ਤਰ੍ਹਾਂ ਕਰਨ ਲਈ ਦਬਾਓ ਮਹਿਸੂਸ ਕਰਦੇ ਹਨ। ਪ੍ਰਕਾਸ਼ ਦਾੜ੍ਹੇ ਵਾਲੇ ਗੁਰਸਿੱਖ ਨੂੰ ਬਹੁਗਿਣਤੀ ਆਨਮਤੀ ਵੱਲੋਂ ਕੱਟੜਪੰਥੀਏ ਸਮਝਦੀ ਹੈ, ਜਿਸ ਕਰਕੇ ਦਫ਼ਤਰਾਂ ਵਿਚ ਉਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਿੰਘਾਂ 'ਤੇ ਦਬਾਓ ਪਾਉਂਦੇ ਹਨ ਕਿ ਉਹ ਦਫ਼ਤਰ ਵਿਚ ਦਾੜ੍ਹੀ ਜ਼ਰੂਰ ਬੰਨ੍ਹ ਕੇ ਰੱਖਣ। ਆਨਮਤੀਆਂ ਨੇ ਜੋ ਕਰਨਾ ਹੈ ਉਸ ਨਾਲ ਤਾਂ ਸਾਡਾ ਕੋਈ ਸਰੋਕਾਰ ਨਹੀਂ ਹੈ ਪਰ ਸਿੱਖਾਂ ਨੂੰ ਕਿਸੇ ਦੇ ਦਬਾਓ ਥੱਲੇ ਆ ਕੇ ਗੁਰੂ ਸਾਹਿਬ ਦੀ ਰਹਿਤ ਮਰਿਯਾਦਾ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ।

ਕਈ ਵਿਅਕਤੀ ਵੱਡੀ ਉਮਰ ਦੇ ਹੋ ਕੇ ਵੀ ਉਮਰ ਨਾਲ ਸਮਝੌਤਾ ਨਹੀਂ ਕਰਦੇ ਅਤੇ ਜਵਾਨ ਹੀ ਰਹਿਣਾ ਚਾਹੁੰਦੇ ਹਨ। ਇਸ ਜਵਾਨੀ ਨੂੰ ਸਦਾ ਕਾਇਮ ਰੱਖਣ ਦੇ ਵੇਗ ਵਿਚ ਆ ਕੇ ਉਹ ਦਾੜ੍ਹੇ ਵਿਚ ਆਏ ਹੀਰੇ (ਚਿੱਟੇ ਵਾਲ) ਚੁਗਣ ਲੱਗ ਪੈਂਦੇ ਹਨ ਜੋ ਕਿ ਸਿੱਖ ਰਹਿਤ ਦੀ ਘੋਰ ਉਲੰਘਣਾ ਹੈ। ਇਸ ਤਰ੍ਹਾਂ ਕਰਨ ਵਾਲਾ ਪਤਿਤ ਹੋ ਜਾਂਦਾ ਹੈ, ਜਿਸ ਕਰਕੇ ਹਰ ਹਾਲਤ ਵਿਚ ਇਸ ਗ਼ਲਤੀ ਤੋਂ ਬਚਣਾ ਚਾਹੀਦਾ ਹੈ।

ਗੁਰੂ ਸਾਹਿਬ ਕਿਰਪਾ ਕਰਨ ਤਾਂ ਕਿ ਇਕ ਤਾਂ ਪਤਿਤਪੁਣੇ ਨੂੰ ਠੱਲ੍ਹ ਪਵੇ ਅਤੇ ਦੂਸਰਾ ਕੇਸਾਧਾਰੀ ਗੁਰਸਿੱਖ ਕੇਸਾਂ ਦੀ ਸੇਵਾ-ਸੰਭਾਲ ਗੁਰਮਤਿ ਅਨੁਸਾਰ ਕਰਕੇ ਪੰਥ ਦੀ ਚੜ੍ਹਦੀ ਕਲਾ ਵਿਚ ਆਪਣਾ ਯੋਗਦਾਨ ਪਾਉਣ।

email : xkulbirsingh@outlook.com

# ਬੀਬੀ ਜਿਵਾਈ ਜੀ

ਭਾਈ ਜੀਵਾ ਜੀ, ਗੁਰੂ ਅੰਗਦ ਦੇਵ ਜੀ ਦੇ ਇਕ ਬਹੁਤ ਪਿਆਰੇ ਸਿੱਖ ਹੋਏ ਹਨ। ਜਦੋਂ ਉਨ੍ਹਾਂ ਨੇ ਗੁਰਸਿੱਖੀ ਧਾਰਨ ਕੀਤੀ ਸੀ ਤਾਂ ਹਿਰਦੇ ਵਿਚ ਸੇਵਾ ਕਰਨ ਦਾ ਮਹਾਨ ਚਾਉ ਉਮੜ ਆਇਆ ਸੀ। ਇਹ ਨੇਮ ਬਣਾ ਲਿਆ ਕਿ ਰੋਜ਼ਾਨਾ ਗੁਰੂ ਸਾਹਿਬ ਲਈ ਖਿਚੜੀ ਤੇ ਦਹੀਂ ਲੈ ਕੇ ਜਾਣਾ ਹੈ ਅਤੇ ਗੁਰੂ ਸਾਹਿਬ ਨੂੰ ਛਕਾ ਕੇ ਪਿਛੋਂ ਕੁਝ ਆਪ ਛਕਣਾ ਹੈ। ਇਹ ਨੇਮ ਉਨ੍ਹਾਂ ਨੇ ਕਈ ਸਾਲ ਨਿਭਾਇਆ। ਗੁਰੂ ਸਾਹਿਬ ਦੀਆਂ ਉਨ੍ਹਾਂ 'ਤੇ ਬੇਅੰਤ ਮਿਹਰਾਂ ਸਨ ਅਤੇ ਕਈ ਵਾਰੀ ਉਨ੍ਹਾਂ ਦੀ ਸੇਵਾ ਨੂੰ ਸੰਗਤ ਵਿਚ ਸਲਾਹਿਆ ਸੀ।

ਤਵਾਰੀਖ਼ ਗੁਰੂ ਖਾਲਸਾ ਹਿੱਸਾ ਪਹਿਲਾ, ਪੰਨਾ ੩੦੩ ਵਿਚ ਲਿਖਿਆ ਹੋਇਆ ਹੈ ਕਿ ਇਕ ਜੀਵਾ ਨਾਮ ਦਾ ਜ਼ਿਮੀਦਾਰ ਗੁਰੂ ਕਾ ਪ੍ਰੇਮੀ ਸਿੱਖ ਸੀ, ਉਹ ਤਿੰਨ ਕੋਹ ਤੋਂ ਅੰਮ੍ਰਿਤ ਵੇਲੇ ਖਿਚੜੀ ਤੇ ਦਹੀਂ ਲੈ ਕੇ ਗੁਰੂ ਜੀ ਵਾਸਤੇ ਰੋਜ਼ ਆਉਂਦਾ ਤੇ ਫੇਰ ਉਸ ਦੀ ਪੁੱਤਰੀ ਜਿਵਾਈ ਨਾਮੀ ਪ੍ਰੇਮ ਵਿਚ ਰੱਤੀ ਹੋਈ ਲੈ ਕੇ ਆਉਣ ਲੱਗੀ।

ਬੀਬੀ ਜਿਵਾਈ, ਆਪਣੇ ਪਿਤਾ ਜੀ ਵਾਂਗੂ ਗੁਰੂ-ਘਰ 'ਤੇ ਬਹੁਤ ਸ਼ਰਧਾ ਰੱਖਦੀ ਸੀ। ਚੂੰਕਿ ਬਚਪਨ ਵਿਚ ਵੀ ਉਸ ਨੂੰ ਪਿਤਾ ਦੀ ਗੋਦ ਵਿਚ ਗੁਰਮਤਿ ਦੀ ਲੋਰੀ ਮਿਲੀ ਸੀ ਅਤੇ ਮਾਂ ਦੀ ਵੀ ਇਹੋ ਸਿੱਖਿਆ ਸੀ- "ਬੇਟੀ! ਗੁਰੂ ਘਰ ਵਲੋਂ ਕਦੀ ਮੁੱਖ ਨਹੀਂ ਮੋੜਨਾ। ਗੁਰੂ ਘਰ ਨਾਲ ਹੀ ਪਿਆਰ ਕਰਦੇ ਹੋਏ ਆਪਾ ਨਿਛਾਵਰ ਕਰ ਦੇਣਾ ਹੈ।" ਫਿਰ ਪਿਤਾ ਜੀ ਜਦੋਂ ਗੁਰੂ ਸਾਹਿਬ ਲਈ ਖਿਚੜੀ ਤੇ ਦਹੀਂ ਲੈ ਕੇ ਜਾਂਦੇ ਸਨ ਤਾਂ ਬੀਬੀ ਜਿਵਾਈ ਵੀ ਨਾਲ ਹੋ ਤੁਰਦੀ ਸੀ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਬੀਬੀ ਜਿਵਾਈ ਨੂੰ ਜੋ ਖ਼ੁਸ਼ੀ ਹੁੰਦੀ ਸੀ, ਉਹ ਕਹਿਣ-ਕਥਨ ਤੋਂ ਬਾਹਰ ਹੈ। ਗੁਰੂ ਸਾਹਿਬ ਦੇ ਚਰਨਾਂ 'ਤੇ ਉਸ ਦਾ ਮਨ ਡੁਲ੍ਹ ਡੁਲ੍ਹ ਪੈਂਦਾ ਸੀ। ਗੁਰੂ ਸਾਹਿਬ ਜਦੋਂ ਕਹਿੰਦੇ- "ਪੁੱਤਰੀ! ਤੂੰ ਧੰਨ ਹੈ, ਜਿਸ ਦਾ ਜਨਮ ਗੁਰਮੁਖ ਪਿਆਰਿਆਂ ਦੇ ਘਰ ਹੋਇਆ ਹੈ। ਨਾਮ ਖੁਮਾਰੀ ਵਿਚ ਗਵਾਚੀ ਰਹੁ।" ਇਹ ਸੁਣ ਕੇ ਬੀਬੀ ਜਿਵਾਈ ਦਾ ਮਨ ਖਿੜ ਪੈਂਦਾ ਅਤੇ ਉਹ ਬੇਨਤੀ ਕਰਦੀ, "ਦਾਤਾ! ਤੁਹਾਡੀ ਬਖ਼ਸ਼ਿਸ਼ ਚਾਹੀਦੀ ਹੈ। ਤੁਹਾਡਾ ਮਿਹਰ ਭਰਿਆ ਹੱਥ ਜੇ ਸਿਰ 'ਤੇ ਰਹੇਗਾ ਤਾਂ ਮੈ ਤੁਹਾਡੇ ਦੱਸੇ ਮਾਰਗ 'ਤੇ ਚੱਲ ਸਕਾਂਗੀ ਅਤੇ ਜਨਮ ਸਫ਼ਲਾ ਹੋ ਸਕੇਗਾ।

ਫਿਰ ਉਹ ਵੀ ਦਿਨ ਆ ਗਿਆ ਜਦੋਂ ਉਸ ਦੇ ਮਾਤਾ ਜੀ ਵੀ ਚੱਲ ਵੱਸੇ। ਬੀਬੀ ਜਿਵਾਈ ਨੇ ਵਿਛੋੜੇ ਨੂੰ ਅਨੁਭਵ ਕਰਦੇ ਹੋਏ ਵੀ ਗੁਰੂ-ਦਰ ਦਾ ਪੱਲਾ ਨਹੀਂ ਛੱਡਿਆ। ਪਿਤਾ ਜੀ ਨਾਲ ਬਰਾਬਰ ਗੁਰੂ ਸਾਹਿਬ ਦੇ ਚਰਨਾਂ ਵਿਚ ਖਿਚੜੀ ਤੇ ਦਹੀਂ ਲੈ ਕੇ ਪੁੱਜਦੀ ਰਹੀ ਅਤੇ ਸੱਚੀਆਂ ਖ਼ੁਸ਼ੀਆਂ ਦਾ ਰਸ ਮਾਣਦੀ ਰਹੀ।

ਸਮਾਂ ਆਉਣ 'ਤੇ ਭਾਈ ਜੀਵਾ ਜੀ ਵੀ ਪਰਲੋਕ ਨੂੰ ਪਿਆਨਾ ਕਰ ਗਏ। ਪਿਤਾ ਜੀ ਤੋਂ ਬਾਅਦ, ਬੀਬੀ ਜਿਵਾਈ ਜੀ ਨੇ ਗੁਰੂ ਸਾਹਿਬ ਨੂੰ ਖਿਚੜੀ ਤੇ ਦਹੀਂ ਛਕਾਉਣ ਦੀ ਜ਼ਿੰਮੇਵਾਰੀ ਨੂੰ ਜਿਸ ਪ੍ਰੇਮ ਨਾਲ ਨਿਭਾਇਆ, ਉਹ ਆਪਣੀ ਮਿਸਾਲ ਆਪ ਹੈ। ਉਹ ਵੀ ਇਨ੍ਹਾਂ ਲੀਹਾਂ 'ਤੇ ਚੱਲੀ ਕਿ ਗੁਰੂ ਸਾਹਿਬ ਨੂੰ ਛਕਾ ਕੇ ਪਿੱਛੋਂ ਕੁਝ ਆਪ ਅੰਗੀਕਾਰ ਕਰਨਾ ਹੈ।

ਗੁਰਮੁਖਾਂ ਦੇ ਜੋ ਲੱਛਣ ਭਾਈ ਗੁਰਦਾਸ ਜੀ ਨੇ ਦੱਸੇ ਹਨ, ਉਹ ਇਨ-ਬਿਨ ਬੀਬੀ ਜਿਵਾਈ ਜੀ ਦੀ ਜ਼ਿੰਦਗੀ 'ਤੇ ਢੁਕਦੇ ਹਨ, ਜਿਵੇਂ :-

**ਗੁਰਮੁਖਿ ਸਬਦ ਸਮ੍ਹਾਲ ਸੁਰਤਿ ਸਮਾਲੀਐ।**
**ਗੁਰਮੁਖਿ ਨਦਰਿ ਨਿਹਾਲ ਨੇਹ ਨਿਹਾਲੀਐ।**
**ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ।**
**ਗੁਰਮੁਖਿ ਦੀਨ ਦਇਆਲ ਹੇਤੁ ਹਿਆਲੀਐ।**
**ਗੁਰਮੁਖਿ ਨਿਬਹੈ ਨਾਲਿ ਗੁਰ ਸਿਖ ਪਾਲੀਐ।**
**ਰਤਨ ਪਦਾਰਥ ਲਾਲ ਗੁਰਮੁਖਿ ਭਾਲੀਐ।**
**ਗੁਰਮੁਖਿ ਅਕਲ ਅਕਾਲ ਭਗਤਿ ਸੁਖਾਲੀਐ।**
**ਗੁਰਮੁਖਿ ਹੰਸਾ ਢਾਲਿ ਰਸਿਕ ਰਸਾਲੀਐ।** (**ਪਉੜੀ :** ੧੪, **ਵਾਰ :** ੩)

ਇਕ ਦਿਨ ਦੀ ਵਾਰਤਾ ਹੈ ਕਿ ਬੜੇ ਜ਼ੋਰ ਦੀ ਹਨੇਰੀ ਚੱਲ ਰਹੀ ਸੀ, ਹਟਣ ਵਿਚ ਨਹੀਂ ਆ ਰਹੀ ਸੀ। ਬੀਬੀ ਜਿਵਾਈ ਨੇ ਸੋਚਿਆ ਕਿ ਜੇ ਇਸੇ ਤਰ੍ਹਾਂ ਹਨੇਰੀ ਚੱਲਦੀ ਰਹੀ ਤਾਂ ਮੈਂ ਸਮੇਂ ਸਿਰ ਖਿਚੜੀ ਅਤੇ ਦਹੀਂ ਲੈ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਨਹੀਂ ਪੁੱਜ ਸਕਾਂਗੀ। ਉਸ ਨੇ ਵਾਹਿਗੁਰੂ ਅੱਗੇ ਹਨੇਰੀ ਦੇ ਹਟਣ ਲਈ ਅਰਦਾਸ ਕੀਤੀ। ਅਕਾਲ ਪੁਰਖ ਨੇ ਸੇਵਕ ਦੀ ਅਰਦਾਸ ਸੁਣ ਲਈ। ਹਨੇਰੀ ਉਸੇ ਵੇਲੇ ਬੰਦ ਹੋ ਗਈ। ਬੀਬੀ ਦੀ ਨਿੱਤ ਦੀ ਲਗਾਤਾਰ ਸੇਵਾ ਕਾਰਨ ਆਤਮ-ਸਤ੍ਹਾ ਬਲਵਾਨ ਹੋ ਚੁੱਕੀ ਸੀ ਅਤੇ ਭਜਨ ਬੰਦਗੀ ਵਾਲਿਆਂ ਗੁਰਮੁਖ ਜਨਾਂ ਵਾਂਗ ਉਹ ਉੱਚ ਉਡਾਰੀਆਂ ਵਿਚ ਵਿਚਰਦੀ ਸੀ। ਇਸ ਆਤਮ-ਸਤ੍ਹਾ ਦੇ ਕਾਰਨ ਉਸ ਦੀ ਅਰਦਾਸ ਝੱਟ ਪ੍ਰਵਾਨ ਹੋ ਗਈ। ਉਹ ਜਦੋਂ ਰਵਾਂ ਰਵੀਂ ਖਿਚੜੀ ਅਤੇ ਦਹੀਂ ਲੈ ਕੇ ਗੁਰੂ ਸਾਹਿਬ ਦੇ ਪਾਸ ਪੁੱਜੀ ਤਾਂ ਗੁਰੂ ਸਾਹਿਬ ਨੇ ਖਿਚੜੀ ਅਤੇ ਦਹੀਂ ਛਕਣ ਤੋਂ ਇਨਕਾਰ ਕਰ ਦਿੱਤਾ। ਇਹ ਦੇਖ ਕੇ ਬੀਬੀ ਜਿਵਾਈ ਬਹੁਤ ਘਬਰਾਈ। ਹੱਥ ਜੋੜੇ ਤੇ ਬੇਨਤੀ ਕੀਤੀ- "ਸੱਚੇ ਪਿਤਾ ਜੀਉ! ਅੱਜ ਮੇਰੇ ਪਾਸੋਂ ਕੀ ਗਲਤੀ ਹੋਈ ਹੈ, ਤੁਸਾਂ ਨੇ ਖਿਚੜੀ ਤੇ ਦਹੀਂ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ? ਮੇਰੀ ਜੇ ਕੋਈ ਗਲਤੀ ਹੈ ਤਾਂ ਅਨਜਾਣ ਬੱਚੀ ਸਮਝ ਕੇ ਬਖ਼ਸ਼ ਲਵੋ ਜੀ।"

ਗੁਰੂ ਸਾਹਿਬ ਬੋਲੇ- "ਪੁੱਤਰੀ! ਤੂੰ ਅੱਜ ਰੱਬ ਦੇ ਭਾਣੇ ਨੂੰ ਉਲਟਾਇਆ ਹੈ। ਸਾਡਾ ਕੰਮ ਹੈ ਰੱਬ ਦੇ ਭਾਣੇ ਵਿਚ ਸ਼ਾਕਰ ਰਹਿਣਾ। ਇਸ ਹਨੇਰੀ ਨੇ ਅਨੇਕਾਂ ਜੀਵਾਂ ਦਾ ਭਲਾ ਕਰਨਾ ਸੀ, ਤੂੰ ਉਸ ਭਲੇ ਵਿਚ ਰੁਕਾਵਟ ਬਣੀ ਹੈਂ। ਪੁੱਤਰੀ! ਇਹ ਤਾਂ ਠੀਕ ਹੈ ਕਿ ਨਾਮ ਜਪਦੇ ਤੇ ਸੇਵਾ ਕਰਦੇ ਹੋਏ ਤੇਰੇ ਵਿਚ ਸਤਿਆ ਆ ਚੁੱਕੀ ਹੈ। ਪਰ ਜੇ ਵਾਹਿਗੁਰੂ ਦੇ ਭਾਣੇ ਵਿਚ ਦਖ਼ਲ ਦੇਵੇਂਗੀ ਤਾਂ ਖ਼ੁਸ਼ੀ ਖੋਹ ਬੈਠੇਂਗੀ।

ਗੁਰੂ ਨਾਨਕ ਪਾਤਸ਼ਾਹ ਦਾ ਫ਼ੁਰਮਾਨ ਹੈ :

**ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥**
**ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥**
**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**
**ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥**
**ਤਾ ਦਰਗਹ ਪੈਧਾ ਜਾਇਸੀ ॥੧੫॥**
**(ਆਸਾ ਦੀ ਵਾਰ, ਪਉੜੀ, ਅੰਕ : ੪੭੧ )**

ਤੈਨੂੰ ਵਾਹਿਗੁਰੂ ਦੇ ਹੁਕਮ ਵਿਚ ਰਹਿ ਕੇ ਆਪਣੀ ਸੇਵਾ ਨਿਭਾਉਣੀ ਲੋੜੀਂਦੀ ਹੈ। ਵਾਹਿਗੁਰੂ ਦੇ ਹੁਕਮ ਵਿਚ ਸੇਵਕ ਨੇ ਰਹਿਣਾ ਹੈ, ਨਾ ਕਿ ਹੁਕਮ ਵਿਚ ਹੀਲ-ਹੁਜਤ ਕਰਨੀ। ਹੁਕਮ ਵਿਚ ਫੇਟ ਪਾਉਣ ਵਾਲਾ ਸੇਵਕ ਨਹੀਂ ਹੋ ਸਕਦਾ। ਜੇ ਅਕਾਲ ਪੁਰਖ ਦੀਆਂ ਖ਼ੁਸ਼ੀਆਂ ਲੈਣੀਆਂ ਹਨ ਤਾਂ :

**ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥**
**ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥੧॥**
**(ਆਸਾ ਦੀ ਵਾਰ, ਮ.੨, ਅੰਕ : ੪੭੪)**

ਬੀਬੀ ਜਿਵਾਈ ਨਿਮਰਤਾ ਨਾਲ ਬੋਲੀ- "ਪਿਤਾ ਜੀ! ਮੈਂ ਭੁੱਲ ਗਈ। ਮੈਨੂੰ ਬਖ਼ਸ਼ ਲਓ, ਮੈਂ ਭਾਣੇ ਵਿਚ ਫੇਰ ਪਾਇਆ, ਮੈਂ ਨਿਸ਼ਾਨੇ ਤੋਂ ਖੁੰਝ ਗਈ। ਕਿਰਪਾਲੂ ਪਿਤਾ ਜੀਉ, ਬਖ਼ਸ਼ ਲਓ, ਬਖ਼ਸ਼ਾਇ ਲਓ ਜੀ ਅਤੇ ਭਾਣਾ ਮੰਨਣ ਦੀ ਸੋਝੀ ਬਖ਼ਸ਼ੋ ਜੀ।"

ਇਹ ਕਹਿੰਦਿਆਂ ਹੋਇਆਂ ਬੀਬੀ ਜਿਵਾਈ ਨੇ ਆਪਣਾ ਸਿਰ ਗੁਰੂ ਸਾਹਿਬ ਦੇ ਚਰਨਾਂ 'ਤੇ ਰੱਖ ਦਿੱਤਾ ਅਤੇ ਅੱਖਾਂ ਵਿਚੋਂ ਅੱਥਰੂ ਜਾਰੀ ਹੋ ਗਏ। ਧਰਮ ਪੋਥੀ ਨੰਬਰ ੩ ਦੇ ਪੰਨਾ ੮ ਵਿਚ ਪ੍ਰੋ. ਕਰਤਾਰ ਸਿੰਘ ਜੀ ਨੇ ਲਿਖਿਆ ਹੈ ਕਿ ਬੀਬੀ ਜਿਵਾਈ ਨੇ ਆਪਣੀ ਭੁੱਲ ਮੰਨ ਲਈ ਤੇ ਮੁਆਫ਼ੀ ਮੰਗੀ। ਉਸ ਨੇ ਤੇ ਹੋਰ ਸਿੱਖਾਂ ਨੇ ਗੁਰਸਿੱਖੀ ਦਾ ਇਹ ਉੱਚਾ ਅਸੂਲ ਚੰਗੀ ਤਰ੍ਹਾਂ ਸਮਝ ਲਿਆ ਤੇ ਹਮੇਸ਼ਾ ਇਸ ਦੀ ਪਾਲਣਾ ਕਰਨ ਦਾ ਇਕਰਾਰ ਕੀਤਾ। ਗੁਰੂ ਜੀ ਬੜੇ ਪ੍ਰਸੰਨ ਹੋਏ। ਉਪਰੰਤ ਬੀਬੀ ਜਿਵਾਈ ਜੀ ਜਿਤਨਾ ਚਿਰ ਜਿਉਂਦੇ ਰਹੇ, ਰੱਬ ਦੇ ਭਾਣੇ ਵਿਚ ਸ਼ਾਕਰ ਰਹੇ। ਉਹ ਗੁਰੂ ਸਾਹਿਬ ਦੀਆਂ ਬਖ਼ਸ਼ਿਸ਼ਾਂ ਵਿਚ ਉੱਚੀ ਆਤਮ ਬਿਵਸਥਾ ਵਿਚ ਵਿਚਰਦੇ ਰਹੇ।▪▪

## ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ ਜੀ ਦੀ ਜ਼ੁਬਾਨੀ

# ਸਰਬੋਤਮ ਧਰਮ : ਖਾਲਸਾ ਪੰਥ

ਮਦਨ ਸਿੰਘ ਬਰਮਿੰਘਮ (ਯੂ.ਕੇ.)

ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ ਜੀ ਨੇ ਆਪਣੀ ਜ਼ਿੰਦਗੀ ਦੇ ਕਈ ਦਹਾਕਿਆਂ ਵਿਚ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਦਾ ਬੜੀ ਗੰਭੀਰਤਾ ਨਾਲ ਅਧਿਐਨ ਕੀਤਾ। ਵੇਦਾਂ ਤੇ ਸਿਮ੍ਰਤੀਆਂ ਸ਼ਾਸਤਰਾਂ ਆਦਿ ਦੇ ਗਿਆਨ ਰੱਖਣ ਵਾਲੇ ਵਿਦਵਾਨਾਂ ਦੀ ਸੰਗਤ ਕੀਤੀ। ਸੁਆਮੀ ਜੀ ਦੇ ਸਿੱਖ ਧਰਮ ਬਾਰੇ ਅਤੇ ਧਰਮ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਬਾਰੇ ਲਿਖੇ ਦੋ ਕਿਤਾਬਚੇ ਮਿਲਦੇ ਹਨ। ਦੋਵਾਂ ਵਿਚ ਹੀ ਸੰਖੇਪ ਤੇ ਕੁੰਜੀਵਤ ਰੂਪ ਵਿਚ ਸਿੱਖ ਧਰਮ ਤੇ ਹਿੰਦੂ ਧਰਮ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੋਈ ਹੈ। ਸਮਝੋ, ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਹੈ। ਇਕ ਕਿਤਾਬਚਾ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਬਾਰੇ ਹੈ ਤੇ ਦੂਸਰਾ "ਖ਼ਾਲਸਾ ਪੰਥ" ਬਾਰੇ। ਪਰਲੋਕ ਸਿਧਾਰਨ ਤੋਂ ਕੁਝ ਸਾਲ ਪਹਿਲਾਂ ਸੁਆਮੀ ਜੀ ਨੇ ਸਿੱਖ ਧਰਮ ਧਾਰਨ ਕਰ ਲਿਆ ਸੀ। ਉਨ੍ਹਾਂ ਨੇ ਆਪਣੀ ਪੁਸਤਕ ਵਿਚ ਹਿੰਦੂ ਧਰਮ ਤਿਆਗਣ ਅਤੇ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਦੇ ਕਾਰਨ, ਸੰਖੇਪ ਰੂਪ ਵਿਚ ਦਿੱਤੇ ਹਨ।

"ਜੀਵਨ ਭਰ ਸਾਧੂ ਸੰਤੋਂ ਕੀ ਸੰਗਤ ਕੀ, ਤਪ ਸਾਧੇ, ਤੀਰਥੋਂ ਪਰ ਭ੍ਰਮਣ ਕੀਆ, ਅੰਤ ਯੇਹੀ ਨਿਸਚੇ ਪਰ ਪਹੁੰਚਾ ਹੂੰ ਕਿ ਜੋ ਕੁਛ ਗੁਰੂ ਘਰ ਮੇਂ ਹੈ, ਉਸ ਸੇ ਉਤਮ ਔਰ ਕੋਈ ਨਹੀਂ ਹੈ।" (ਸ੍ਰੀ ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ)

ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ ਜੀ ਨੇ ਆਪਣੀ ਜ਼ਿੰਦਗੀ ਦੇ ਕਈ ਦਹਾਕਿਆਂ ਵਿਚ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਦਾ ਬੜੀ ਗੰਭੀਰਤਾ ਨਾਲ ਅਧਿਐਨ ਕੀਤਾ। ਵੇਦਾਂ ਤੇ ਸਿਮ੍ਰਤੀਆਂ ਸ਼ਾਸਤਰਾਂ ਆਦਿ ਦੇ ਗਿਆਨ ਰੱਖਣ ਵਾਲੇ ਵਿਦਵਾਨਾਂ ਦੀ ਸੰਗਤ ਕੀਤੀ। ਇਸੇ ਤਰ੍ਹਾਂ ਸਾਰੀ ਉਮਰ ਹਿੰਦੂ ਤੀਰਥਾਂ ਤੇ ਮੰਦਰਾਂ ਦੀ ਯਾਤਰਾ ਦਾ ਅਨੰਦ ਵੀ ਮਾਣਦੇ ਰਹੇ। ਸੁਆਮੀ ਜੀ ਦੇ ਸਿੱਖ ਧਰਮ ਬਾਰੇ ਅਤੇ ਧਰਮ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਬਾਰੇ ਲਿਖੇ ਦੋ ਕਿਤਾਬਚੇ ਮਿਲਦੇ ਹਨ। ਦੋਵਾਂ ਵਿਚ ਹੀ ਸੰਖੇਪ ਤੇ ਕੁੰਜੀਵਤ ਰੂਪ ਵਿਚ ਸਿੱਖ ਧਰਮ ਤੇ ਹਿੰਦੂ ਧਰਮ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੋਈ ਹੈ। ਸਮਝੋ, ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਹੈ। ਇਕ ਕਿਤਾਬਚਾ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਬਾਰੇ ਹੈ ਤੇ ਦੂਸਰਾ "ਖ਼ਾਲਸਾ ਪੰਥ" ਬਾਰੇ। ਪਰਲੋਕ ਸਿਧਾਰਨ ਤੋਂ ਕੁਝ ਸਾਲ ਪਹਿਲਾਂ ਸੁਆਮੀ ਜੀ ਨੇ ਸਿੱਖ ਧਰਮ ਧਾਰਨ ਕਰ ਲਿਆ ਸੀ। ਉਨ੍ਹਾਂ ਨੇ ਆਪਣੀ ਪੁਸਤਕ ਵਿਚ ਹਿੰਦੂ ਧਰਮ ਤਿਆਗਣ ਅਤੇ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਦੇ ਕਾਰਨ, ਸੰਖੇਪ ਰੂਪ ਵਿਚ ਦਿੱਤੇ ਹਨ।

ਸੰਸਕ੍ਰਿਤ ਦੇ ਅਚਾਰੀਆ, ਵੇਦਾਂ ਦੇ ਗਿਆਤਾ, ਉਪਨਿਸ਼ਦਾਂ ਦੇ ਵਿਖਿਆਤਾ ਸੁਆਮੀ ਜੀ ਨੇ ਵੇਦਾਂਤ ਦਰਸ਼ਨ ਬਾਰੇ ਉੱਚੇ ਤੇ ਡੂੰਘੇ ਗਿਆਨ ਦੇ ਵਿਸ਼ਿਆਂ ਉੱਤੇ ਡੇਢ ਦਰਜਨ ਹਿੰਦੀ ਵਿਚ ਤੇ ਇੰਨੀਆਂ ਹੀ ਸੰਸਕ੍ਰਿਤ ਵਿਚ ਪੁਸਤਕਾਂ ਲਿਖੀਆਂ ਹਨ। ਆਪ ਜੀ ਦੀਆਂ ਲਿਖਤ ਸੰਸਕ੍ਰਿਤ ਤੇ ਹਿੰਦੀ ਪੁਸਤਕਾਂ ਦੀ, ਹਿੰਦੂ ਵਿਦਵਾਨ ਮੰਡਲ ਵਲੋਂ ਭਰਪੂਰ ਸ਼ਲਾਘਾ ਕੀਤੀ ਜਾ ਚੁੱਕੀ ਹੈ।

ਆਖ਼ਰੀ ਉਮਰ ਵਿਚ ਸੁਆਮੀ ਜੀ ਦੇ ਜੀਵਨ ਵਿਚ ਆਤਮਕ ਤੌਰ 'ਤੇ ਐਸਾ ਪਲਟਾ ਆਇਆ ਕਿ ਉਹ ਗੁਰੂ ਕੇ ਸਿੱਖ ਬਣ ਗਏ। ਗੁਰੂ-ਗਿਆਨ ਦੇ ਪ੍ਰਭਾਵ ਕਾਰਨ ਉਨ੍ਹਾਂ ਰੁੰਡਿਤ-ਮੁੰਡਿਤ ਰਹਿਣ ਵਾਲਾ ਵੇਸ਼ ਛੱਡ ਕੇ ਕੇਸ-ਦਾੜ੍ਹੇ ਵਾਲਾ ਸੁੰਦਰ ਸਿੱਖੀ ਸਰੂਪ ਧਾਰਨ ਕਰ ਲਿਆ ਅਤੇ ਉਹ ਆਚਾਰ ਤੇ ਵਿਚਾਰ ਕਰਕੇ ਗੁਰਬਾਣੀ ਨਾਲ ਓਤ-ਪੋਤ ਹੀ ਹੋ ਗਏ।

**ਸਿੱਖ ਹਿੰਦੂ ਨਹੀਂ** : ਸੁਆਮੀ ਜੀ ਨੇ ਵੇਦਾਂ, ਹੋਰ ਹਿੰਦੂ ਧਰਮ-ਗ੍ਰੰਥਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਕੇ ਸਿੱਧ ਕੀਤਾ ਹੈ ਕਿ ਸਿੱਖ ਧਰਮ ਇਕ ਸੁਤੰਤਰ ਅਤੇ ਸਭ ਤੋਂ ਵਿਲੱਖਣ ਧਰਮ ਹੈ। ਸਿੱਖਾਂ ਨੂੰ ਕੇਸਾਧਾਰੀ ਹਿੰਦੂ ਆਖਣਾ ਜਾਂ 'ਹਿੰਦੂ ਧਰਮ ਦਾ ਇਕ ਹਿੱਸਾ' ਸਮਝਣਾ ਵੱਡੀ ਮੂਰਖਤਾਈ ਹੈ। ਸਵਾਮੀ ਜੀ ਦੀ ਲਿਖਤ ਮੁਤਾਬਕ ਹਿੰਦੂ ਧਰਮ ਸਵੈ-ਵਿਰੋਧੀ ਖ਼ਿਆਲਾਂ ਦਾ ਮਿਲਗੋਭਾ ਧਰਮ ਹੈ। ਇਸ ਦੇ ਉਲਟ ਸਿੱਖ ਧਰਮ "ਲੋਕ ਸੁਖੀਏ ਤੇ ਪਰਲੋਕ ਸੁਹੇਲੇ" ਕਰਨ ਵਾਲਾ ਸਿੱਧਾ ਤੇ ਸੁਖੈਨ ਮਾਰਗ ਹੈ। ਸਿਮ੍ਰਤੀਆਂ ਅਤੇ ਹਿੰਦੂ-ਸ਼ਾਸਤਰਾਂ ਅਨੁਸਾਰ ਬ੍ਰਾਹਮਣ, ਬ੍ਰਹਮਾ ਦੇ ਸਿਰ ਤੋਂ ਪੈਦਾ ਹੋਇਆ ਦੱਸ ਕੇ ਉਸ ਨੂੰ ਸਮੁੱਚੇ ਸਮਾਜ ਦਾ ਕਰਤਾ-ਧਰਤਾ ਮੰਨਿਆ ਗਿਆ ਹੈ। ਇਨ੍ਹਾਂ ਮੁਤਾਬਕ ਬ੍ਰਾਹਮਣ ਪੂਜਣਯੋਗ ਹੈ, ਭਾਵੇਂ ਉਹ ਮੂਰਖ ਜਾਂ ਕੁਕਰਮੀ ਹੀ ਕਿਉਂ ਨਾ ਹੋਵੇ। ਪਰ ਦੂਜੇ ਪਾਸੇ ਭਗਤ ਕਬੀਰ ਜੀ ਫ਼ੁਰਮਾਉਂਦੇ ਹਨ :

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**
**ਤਉ ਆਨ ਬਾਟ ਕਾਹੇ ਨਹੀ ਆਇਆ ॥੨॥**( ॥੪॥੭॥)
**(ਗਉੜੀ ਕਬੀਰ ਜੀ, ਅੰਕ : ੩੨੪)**

ਗੁਰੂ ਨਾਨਕ ਪਾਤਸ਼ਾਹ ਇਕ ਵਿਅਕਤੀ ਦਾ ਬ੍ਰਾਹਮਣ ਦੇ ਘਰ ਪੈਦਾ ਹੋਣ, ਵਿਦਵਾਨ ਹੋਣ ਅਤੇ ਪੂਜਣਯੋਗ ਹੋਣ ਦੇ ਸਿਧਾਂਤ ਦਾ ਖੰਡਨ ਕਰਦੇ ਹਨ। ਗੁਰੂ ਸਾਹਿਬ ਨੇ ਇਸ ਤਰ੍ਹਾਂ ਫ਼ੁਰਮਾਇਆ ਹੈ :

**ਪੰਡਿਤ ਪੜਹਿ ਵਖਾਣਹਿ ਵੇਦੁ ॥**
**ਅੰਤਰਿ ਵਸਤੁ ਨ ਜਾਣਹਿ ਭੇਦੁ ॥...॥੪॥**( ॥੫॥੨੧॥)
**(ਆਸਾ ਮ. ੧, ਅੰਕ : ੩੫੫)**

ਭਾਵ; ਵੇਦਾਂ ਦਾ ਵਕਤਾ ਬ੍ਰਾਹਮਣ ਅੰਦਰੋਂ ਖੋਖਲਾ ਹੈ, ਕਿਉਂਕਿ ਉਹ ਸੱਚ ਤੋਂ ਕੋਹਾਂ ਦੂਰ ਹੈ।

**ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥੨॥ ( ॥੪॥੫॥੭॥)**
**(ਧਨਾਸਰੀ ਮ. ੧, ਅੰਕ : ੬੬੨)**

ਅਸਲੀ ਪੰਡਤ ਦੀ ਵਿਸ਼ੇਸ਼ਤਾ ਦੱਸਦੇ ਹੋਏ ਪੰਚਮ ਪਾਤਸ਼ਾਹ ਫ਼ੁਰਮਾਉਂਦੇ ਹਨ :

**ਚਹੁ ਵਰਨਾ ਕਉ ਦੇ ਉਪਦੇਸੁ॥**
**ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥੪॥...॥੮॥੯॥ ( ॥੮॥੨੪॥)**
**(ਗਉੜੀ ਸੁਖਮਨੀ ਮ. ੫, ਅੰਕ : ੨੭੪)**

**ਜਨੇਊ** : ਸਵਾਮੀ ਰਾਮ ਤੀਰਥ ਜੀ ਦੇ ਮੁਤਾਬਕ ਹਿੰਦੂਆਂ ਦਾ ਸਾਰਾ ਕਰਮ-ਧਰਮ ਹੀ ਜਨੇਊ ਉੱਤੇ ਆਧਾਰਤ ਹੈ। ਪ੍ਰੰਤੂ ਸਿੱਖਾਂ ਦਾ ਧਰਮ ਜਨੇਊ ਦੇ ਉਲਟ ਹੈ। ਆਪ ਲਿਖਦੇ ਹਨ :

"ਸੰਧਿਆ ਕਰਨੀ, ਗਾਇਤ੍ਰੀ ਦਾ ਜਾਪ ਕਰਨਾ ਅਤੇ ਅਗਨਿਹੋਤਰ ਆਦਿ ਕਰਮ ਕਰਨ ਦੀ ਜਨੇਊ-ਧਾਰੀ ਬੰਦੇ ਨੂੰ ਹੀ ਆਗਿਆ ਹੈ। ਸ਼ੂਦਰ ਅਤੇ ਇਸਤ੍ਰੀ ਜਾਤੀ ਲਈ ਜਨੇਊ ਪਾਉਣ ਦੀ ਵਿਧੀ ਹੀ ਨਹੀਂ, ਸਗੋਂ ਮਨਾਹੀ ਹੈ। ਸ਼ੂਦਰ ਨੂੰ ਤਿੰਨਾਂ ਵਰਣਾਂ ਦੀ ਸੇਵਾ ਕਰਨੀ ਹੀ ਦੱਸੀ ਹੋਈ ਹੈ ਅਤੇ ਇਸਤ੍ਰੀ ਲਈ, ਜੀਵਤ ਪਤੀ ਦੀ ਸੇਵਾ ਕਰਨਾ ਅਤੇ ਮਰੇ ਹੋਏ ਪਤੀ ਦੀ ਜਨਾਨੀ (ਵਿਧਵਾ) ਨੂੰ ਕੰਦ ਮੂਲ ਖਾ ਕੇ ਸਰੀਰ ਨੂੰ ਤੰਗ ਕਰਦੇ ਹੋਏ 'ਪਤੀ ਪਤੀ' ਦੀ ਰੱਟ ਲਗਾਉਣਾ ਹੀ ਧਰਮ ਕਰਾਰ ਦਿੱਤਾ ਗਿਆ ਹੈ।"

ਇਸ ਤਰ੍ਹਾਂ ਦੁਰ-ਵਿਹਾਰ ਨੇ ਸੁਆਮੀ ਜੀ ਦੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ। ਉਨ੍ਹਾਂ ਨੇ ਗੁਰੂ ਨਾਨਕ ਪਾਤਿਸ਼ਾਹ ਦੇ ਸੂਤ ਦੇ ਧਾਗੇ ਨਾਲ ਬਣੇ ਜਨੇਊ ਨੂੰ ਨਾ ਪਾਉਣ ਦੇ ਸਿਧਾਂਤ ਨੂੰ ਠੀਕ ਮੰਨਿਆ ਹੈ। ਗੁਰੂ ਨਾਨਕ ਪਾਤਿਸ਼ਾਹ ਦਾ ਫ਼ੁਰਮਾਨ ਹੈ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥...੧॥**
**(ਸਲੋਕੁ ਮ. ੧, ਅੰਕ : ੪੭੧)**

ਐਸਾ ਜਨੇਊ ਨਾ ਟੁੱਟ ਸਕਦਾ ਹੈ, ਨਾ ਮੈਲਾ ਹੁੰਦਾ ਹੈ, ਨਾ ਸੜ ਸਕਦਾ ਹੈ ਅਤੇ ਨਾ ਪੁਰਾਣਾ ਹੁੰਦਾ ਹੈ। ਜੋ ਮਨੁੱਖ ਐਸਾ ਜਨੇਊ ਧਾਰਨ ਕਰਦੇ ਹਨ, ਉਹ ਧੰਨ ਹਨ।

## ਸਿੱਖ ਇਕ ਵੱਖਰਾ ਧਰਮ ਹੈ

**ਸੁਆਮੀ ਜੀ ਨੇ ਵੇਦਾਂ, ਹੋਰ ਹਿੰਦੂ ਧਰਮ-ਗ੍ਰੰਥਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਕੇ ਸਿੱਧ ਕੀਤਾ ਹੈ ਕਿ ਸਿੱਖ ਧਰਮ ਇਕ ਸੁਤੰਤਰ ਅਤੇ ਸਭ ਤੋਂ ਵਿਲੱਖਣ ਧਰਮ ਹੈ। ਸਿੱਖਾਂ ਨੂੰ ਕੇਸਾਧਾਰੀ ਹਿੰਦੂ ਆਖਣਾ ਜਾਂ 'ਹਿੰਦੂ ਧਰਮ ਦਾ ਇਕ ਹਿੱਸਾ' ਸਮਝਣਾ ਵੱਡੀ ਮੂਰਖਤਾਈ ਹੈ। ਸਵਾਮੀ ਜੀ ਦੀ ਲਿਖਤ ਮੁਤਾਬਕ ਹਿੰਦੂ ਧਰਮ ਸਵੈ-ਵਿਰੋਧੀ ਖ਼ਿਆਲਾਂ ਦਾ ਮਿਲਗੋਭਾ ਧਰਮ ਹੈ। ਇਸ ਦੇ ਉਲਟ ਸਿੱਖ ਧਰਮ "ਲੋਕ ਸੁਖੀਏ ਤੇ ਪਰਲੋਕ ਸੁਹੇਲੇ" ਕਰਨ ਵਾਲਾ ਸਿੱਧਾ ਤੇ ਸੁਖੈਨ ਮਾਰਗ ਹੈ। ਸਿਮ੍ਰਤੀਆਂ ਅਤੇ ਹਿੰਦੂ-ਸ਼ਾਸਤਰਾਂ ਅਨੁਸਾਰ ਬ੍ਰਾਹਮਣ, ਬ੍ਰਹਮਾ ਦੇ ਸਿਰ ਤੋਂ ਪੈਦਾ ਹੋਇਆ ਦੱਸ ਕੇ ਉਸ ਨੂੰ ਸਮੁੱਚੇ ਸਮਾਜ ਦਾ ਕਰਤਾ-ਧਰਤਾ ਮੰਨਿਆ ਗਿਆ ਹੈ।**

**ਇਸਤ੍ਰੀ** : ਤੁਲਸੀ ਰਾਮਾਇਣ ਅਨੁਸਾਰ ਗੰਵਾਰ, ਔਰਤ, ਸ਼ੂਦਰ ਅਤੇ ਪਸ਼ੂ- ਚਾਰੇ ਡੰਡੇ ਦੇ ਪੀਰ ਹਨ। ਗੀਤਾ ਅਨੁਸਾਰ ਇਹ ਪਾਪ ਦੀ ਜੂਨੀ ਹਨ। ਔਰਤ ਨੂੰ ਸਭ ਨਾਲੋਂ ਅਪਵਿੱਤਰ ਤੇ ਘਟੀਆ ਮੰਨਿਆ ਗਿਆ ਹੈ। ਬੰਦੇ ਦਾ ਦੀਨ ਭ੍ਰਿਸ਼ਟ ਕਰਨ ਵਾਲੀ ਆਖ ਕੇ ਦੁਰਕਾਰਿਆ ਗਿਆ ਹੈ। ਇਸਤ੍ਰੀ ਦੇ ਮਾਮਲੇ ਵਿਚ ਸੁਆਮੀ ਜੀ ਗੁਰੂ ਆਸ਼ੇ ਦੇ ਅਨੁਯਾਈ ਹਨ :

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥...੨॥**
**(ਮ.੧, ਅੰਕ : ੪੭੩)**

ਗੁਰਮਤਿ ਹੀ, ਹਿੰਦੂ ਸਮਾਜ ਦੀ ਦੁਰਕਾਰੀ ਤੇ ਲਿਤਾੜੀ ਹੋਈ ਔਰਤ ਨੂੰ ਸਮਾਜ ਵਿਚ ਥਾਂ-ਇੱਜ਼ਤ ਅਤੇ ਮਰਦ ਦੇ ਬਰਾਬਰ ਅਧਿਕਾਰ ਦੇਣ ਦੀ ਹਾਮੀ ਹੈ। ਸੁਆਮੀ ਜੀ ਨੇ ਇਸ ਸਿਧਾਂਤ ਮੂਹਰੇ ਸਿਰ ਝੁਕਾਇਆ ਹੈ।

**ਸ਼ੂਦਰ** : ਰਿਗਵੇਦ ਅਤੇ ਹੋਰ ਹਿੰਦੂ ਸ਼ਾਸਤਰਾਂ ਵਿਚ ਸ਼ੂਦਰਾਂ ਬਾਰੇ ਬਹੁਤ ਘਟੀਆ ਸ਼ਬਦਾਵਲੀ ਤੇ ਵਰਤਾਓ ਕਰਨ ਲਈ ਲਿਖਿਆ ਗਿਆ ਹੈ । ਉਦਾਹਰਣ ਦੇ ਤੌਰ 'ਤੇ...

(੧) ਸ਼ੂਦਰ ਨੂੰ ਖਾਣ ਲਈ ਦਵਿਜਾ ਦੀ ਜੂਠ, ਪਹਿਨਣ ਲਈ ਫ਼ਟੇ-ਪੁਰਾਣੇ ਕੱਪੜੇ ਅਤੇ ਜੇ ਉਨ੍ਹਾਂ ਨੂੰ ਅੰਨ ਦੇਣਾ ਹੋਵੇ ਤਾਂ ਬਿਲਕੁਲ ਘਟੀਆ ਅੰਨ ਦਿੱਤਾ ਜਾਵੇ। ਕੁੱਤਿਆਂ, ਪਤਿਤਾਂ (ਸ਼ੂਦਰਾਂ), ਨੀਚਾਂ, ਪਾਪੀਆਂ, ਰੋਗੀਆਂ, ਕਾਵਾਂ ਤੇ ਕੀੜਿਆਂ ਨੂੰ ਚੀਜ਼ ਦੇਣੀ ਹੋਵੇ ਤਾਂ ਦੂਰੋਂ ਸੁੱਟ ਦਿੱਤੀ ਜਾਵੇ।

(੨) ਇਹ ਸ਼ੂਦਰ ਮੁਰਦਿਆਂ ਦੇ ਕੱਪੜੇ ਲਾਹ ਕੇ ਪਹਿਨਣ, ਟੁੱਟੇ ਬਰਤਨਾਂ ਵਿਚ ਰੋਟੀ ਖਾਣ, ਲੋਹੇ ਦੇ ਗਹਿਣੇ ਪਹਿਨਣ ਅਤੇ ਇਧਰ-ਉਧਰ ਪਿੰਡਾਂ ਵਿਚ ਘੁੰਮਦੇ ਫ਼ਿਰਨ।

(੩) ਸ਼ੂਦਰ ਦੀ ਹੱਤਿਆ ਕੁੱਤੇ ਬਰਾਬਰ ਹੈ।

(੪) ਮਨੂੰ ਸਿਮ੍ਰਤੀ ਮੁਤਾਬਕ ਜੇ ਸ਼ੂਦਰ, ਕੰਮ ਕਰਕੇ ਧਨ ਕਮਾ ਲਵੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਸ ਕੋਲੋਂ ਧਨ ਖੋਹ ਕੇ ਉਸ ਨੂੰ ਦੇਸ਼-ਨਿਕਾਲਾ ਦੇ ਦੇਵੇ।

ਇੱਥੇ ਵੀ ਸ਼ੂਦਰ ਦੇ ਮਾਮਲੇ ਬਾਰੇ ਗੁਰੂ ਨਾਨਕ ਪਾਤਿਸ਼ਾਹ ਦੇ ਵਿਚਾਰਾਂ ਨੇ ਸੁਆਮੀ ਜੀ ਨੂੰ ਮੋਹ ਲਿਆ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥੪॥੩॥**
**(ਸਿਰੀਰਾਗੁ ਮਹਲਾ ੧, ਅੰਕ : ੧੫)**

****

**ਭਾਉ ਭਗਤਿ ਕਰਿ ਨੀਚੁ ਸਦਾਏ॥**
**ਤਉ ਨਾਨਕ ਮੋਖੰਤਰੁ ਪਾਏ॥੨॥**
**(ਮ.੧, ਅੰਕ : ੪੭੦)**

ਗੁਰਮਤਿ ਫ਼ਿਲਾਸਫ਼ੀ ਹਿੰਦੂ ਧਰਮ ਦੀ ਇਸ ਕਾਣੀ ਵੰਡ ਦੀ ਗੱਜ-ਵੱਜ ਕੇ ਵਿਰੋਧਤਾ ਕਰਦੀ ਹੈ। ਤੇ "ਉਪਦੇਸੁ ਚਹੁ ਵਰਨਾ ਕਉ ਸਾਝਾ" ਦੇ ਸਿਧਾਂਤ ਨੂੰ ਮੰਨਣ ਲਈ ਪ੍ਰੇਰਦੀ ਹੈ। ਆਪਣੇ ਕਿਤਾਬਚੇ ਵਿਚ ਸੁਆਮੀ ਜੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਬਾਰੇ ਲਿਖਦੇ ਹਨ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਨੇ ਇਸ ਪ੍ਰਕਾਰ ਦੇ ਇਤਿਹਾਸ ਨੂੰ ਪੜ੍ਹ ਕੇ ਵਿਚਾਰਿਆ ਕਿ ਬ੍ਰਾਹਮਣ ਨੂੰ ਗੁਰੂ ਬਣਾ ਕੇ ਅਤੇ ਉਸ ਦੇ ਧਰਮ ਸ਼ਾਸਤਰਾਂ ਨੂੰ ਪ੍ਰਵਾਨ ਕਰਕੇ ਹਿੰਦੂ ਜਾਤਿ ਦੇ ਜੀਉਂਦੇ ਰਹਿਣ ਦੀ ਆਸ ਰੱਖਣੀ ਨਿਸਫ਼ਲ ਹੈ। ਇਸ ਲਈ ਗੁਰੂ ਜੀ ਕਿਸੀ ਵੀ ਵਿਦਵਾਨ ਬ੍ਰਾਹਮਣ ਨਾਲ ਸਹਿਮਤ ਨਹੀਂ ਹੋਏ। ਉਨ੍ਹਾਂ ਨੇ ਬ੍ਰਾਹਮਣੀ ਸ਼ਾਸਤਰਾਂ ਦੇ ਬਿਲਕੁਲ ਉਲਟ ਚਹੁੰ ਵਰਣਾਂ ਦੇ ਵਿਅਕਤੀਆਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾਇਆ ਅਤੇ ਉਪਦੇਸ਼ ਦਿੱਤਾ :

**ਏਕੋ ਜਪਿ ਏਕੋ ਸਾਲਾਹਿ ॥...੮ ॥੧੯ ॥**
( ॥੮ ॥੨੪ ॥)
(**ਗਉੜੀ ਸੁਖਮਨੀ ਮ. ੫, ਅੰਕ : ੨੮੯**)

ਭਾਵ ਦੇਵੀ-ਦੇਵਤਿਆਂ ਦੀ ਭਗਤੀ ਨੂੰ ਤਿਆਗਣ, ਤਥਾ, ਵੇਦ ਆਦਿ ਗ੍ਰੰਥਾਂ ਦੇ ਕਰਮ-ਕਾਂਡੀ ਵਿਚਾਰਾਂ ਨੂੰ ਤਿਆਗਣ ਅਤੇ ਕੇਵਲ ਇਕ ਪਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਾਇਆ।

**ਮੂਰਤੀ ਪੂਜਾ :**

**ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥**
**ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥**
**ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨ ॥** (ਮ.੧, ਅੰਕ : ੫੫੬)

ਸ੍ਰੀ ਗੁਰੂ ਨਾਨਕ ਪਾਤਿਸ਼ਾਹ ਨੇ ਦੱਸਿਆ ਕਿ ਹਿੰਦੂ ਤਾਂ ਮੁੱਢ ਤੋਂ ਹੀ ਭਟਕੇ ਹੋਏ ਲੋਕ ਹਨ, ਜੋ ਪੁੱਠੇ ਚਲਦੇ ਹਨ। ਜਿਵੇਂ ਨਾਰਦ ਮੁਨੀ ਨੇ ਇਨ੍ਹਾਂ ਨੂੰ ਦੱਸਿਆ ਹੈ ਕਿ ਉਸੇ ਤਰ੍ਹਾਂ ਪੱਥਰ-ਪੂਜਾ ਕਰਦੇ ਆ ਰਹੇ ਹਨ। ਸੁਆਮੀ ਜੀ ਨੇ ਵਿਅੰਗ ਕਰਦੇ ਹੋਏ ਲਿਖਿਆ ਹੈ :

"ਮਨੋਂ ਕਲਪੇ ਬੁੱਤਾਂ ਨੂੰ ਆਪਣੇ ਆਪਣੇ ਅਚਾਰੀਆਂ ਦੇ ਮੱਤਾਂ ਅਨੁਸਾਰ ਅਨੇਕਾਂ ਈਸ਼ਵਰਾਂ ਤੇ ਮੂਰਤੀਆਂ ਨੂੰ ਪੂਜਣਾ, ਹਿੰਦੂ ਧਰਮ ਹੈ। ਇਸ ਦੇ ਉਲਟ ਪ੍ਰਭੂ ਜੋ ਨਿਰਗੁਣ ਹੈ, ਨਿਰੰਕਾਰ ਹੈ ਅਤੇ ਵਿਆਪਕ ਹੈ, ਐਸੇ ਸਤਿਗੁਰ ਪ੍ਰਸਾਦਿ ਜਾਂ ਸਤਿ ਚਿੱਤ ਅਨੰਦ ਸਰੂਪ, ਇਕ ਪਰਮੇਸ਼ੂਰ ਨੂੰ ਮੰਨਣਾ ਸਿੱਖ ਧਰਮ ਹੈ।"

ਹਿੰਦੂ ਧਰਮ-ਅਸਥਾਨਾਂ, ਖ਼ਾਸ ਕਰਕੇ ਉੜੀਸਾ ਦੇ ਜਗਨਨਾਥ ਪੁਰੀ, ਭਵਨੇਸ਼ਵਰ, ਕੋਨਾਰਕ ਦੇ ਪ੍ਰਸਿੱਧ ਹਿੰਦੂ ਮੰਦਰਾਂ ਵਿਚ ਜਵਾਨ ਉਮਰ ਦੀਆਂ ਔਰਤਾਂ ਨਾਲ ਭੋਗ-ਬਿਲਾਸ ਦੇ ਕੋਕ ਸ਼ਾਸਤਰੀ ਆਸਣ ਦੇ ਦਿਖਾਏ ਗਏ ਚਿੱਤਰਾਂ ਸਬੰਧੀ ਟਿੱਪਣੀਆਂ ਕਰਦਿਆਂ, ਸਵਾਮੀ ਜੀ ਨੇ ਹਿੰਦੂ ਧਰਮ ਨੂੰ

"ਵੇਦਾਂ ਦਾ, ਸ਼ਾਸਤਰਾਂ ਦਾ, ਸਿਮ੍ਰਤੀਆਂ ਦਾ, ਸਮਾਰਤ ਸੂਪਰਾਂ ਨੂੰ ਤੰਤਰ ਤਥਾ ਪੁਰਾਣਾਂ ਦਾ ਪੂਰਵੋਵਾਦ ਅਨੇਕ ਦੋਸ਼ਾਂ ਤੋਂ ਭ੍ਰਿਸ਼ਟ ਹੋਈ ਜਾਣ ਕੇ, ਮੈਂ ਬਹੁਤ ਸਾਰੇ ਅੰਸ਼ਾਂ ਵਿਚ ਇਨ੍ਹਾਂ ਗ੍ਰੰਥਾਂ ਨੂੰ ਛੋੜ ਦਿੱਤਾ ਹੈ। ਕੇਵਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਲਕੁਲ ਨਿਰਦੋਸ਼ ਜਾਣ ਕੇ ਅਤੇ ਮਨੁੱਖ ਮਾਤ੍ਰ ਦਾ ਹਿਤੈਸ਼ੀ ਮੰਨ ਕੇ ਮੈਂ ਇਸ ਗੁਰੂ ਗ੍ਰੰਥ ਨੂੰ ਆਪਣਾ ਧਰਮ ਗ੍ਰੰਥ ਮੰਨ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਮੰਨਦਾ ਹਾਂ। ਇਸ ਲਈ ਮੈਂ ਗੁਰੂ ਦਾ ਸਿੱਖ ਹਾਂ। ਜਿਨ੍ਹਾਂ-ਜਿਨ੍ਹਾਂ ਥਾਵਾਂ 'ਤੇ 'ਆਦਿ ਗੁਰੂ ਗ੍ਰੰਥ' ਨੂੰ ਗੁਪਤ ਕਰ ਦਿੱਤਾ ਗਿਆ ਹੈ, ਉਨ੍ਹਾਂ-ਉਨ੍ਹਾਂ ਥਾਵਾਂ 'ਤੇ 'ਆਦਿ ਗੁਰੂ ਗ੍ਰੰਥ' ਫਿਰ ਸ਼ੋਭਾ ਪਾਉਣਗੇ। 'ਆਦਿ ਗੁਰੂ ਗ੍ਰੰਥ' ਨਾਲ ਵਿਰੋਧ ਕਰਨ ਵਾਲਾ ਕੋਈ ਭੀ ਵਿਅਕਤੀ ਸੁਖੀ ਨਹੀਂ ਰਹਿ ਸਕੇਗਾ। ਮੇਰਾ ਇਹ ਅਨੁਭਵ ਹੈ।"
-ਸ੍ਰੀ ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ

ਕਾਮ ਵਾਸ਼ਨਾ ਉਤੇਜਿਤ ਕਰਨ ਹਿੱਤ ਦੋਸ਼ੀ ਠਹਿਰਾਇਆ ਹੈ। ਸਵਾਮੀ ਜੀ ਕਹਿੰਦੇ ਹਨ, ਅਜਿਹੇ ਧਰਮ-ਅਸਥਾਨ ਕਿਸ ਕਿਸਮ ਦੀ ਰੌਸ਼ਨੀ ਦੇਣਗੇ? ਕੀ ਅਜਿਹੇ ਰਾਖਸ਼ਸ਼ੀ ਅਸਥਾਨਾਂ ਵਿਚ ਦੇਵਤੇ ਵਾਸਾ ਕਰਦੇ ਹਨ? ਜੇ ਉੱਤਰ 'ਹਾਂ' ਵਿਚ ਹੈ ਤਾਂ ਕੀ ਉਹ ਦੇਵਤੇ ਕਹਾਉਣ ਦੇ ਅਧਿਕਾਰੀ ਹਨ?

**ਵਰਤ ਰੱਖਣੇ :**

**ਛੋਡਹਿ ਅੰਨੁ ਕਰਹਿ ਪਾਖੰਡ ॥**
**ਨਾ ਸੋਹਾਗਨਿ ਨਾ ਓਹਿ ਰੰਡ ॥...੩ ॥**
( ॥੪ ॥੮ ॥੧੧ ॥)
(**ਭਗਤ ਕਬੀਰ ਜੀ, ਰਾਗ ਗੋਂਡ, ਅੰਕ : ੮੭੩**)


ਗੁਰਮਤਿ ਦੇ ਮਹਾਂਵਾਕ ਦੀ ਉੱਚਮਤਾ ਨੂੰ ਸਵਾਮੀ ਜੀ ਨੇ ਮੰਨਿਆ ਤੇ ਸ਼ਲਾਘਾ ਕੀਤੀ ਹੈ। ਹਿੰਦੂ ਧਰਮ ਵਿਚ ਪ੍ਰਚਲਤ ਕਈ ਤਰ੍ਹਾਂ ਦੇ ਵਰਤ ਰੱਖਣੇ, ਭੁੱਖੇ ਰਹਿ ਕੇ ਤਪ ਸਾਧਨੇ ਆਦਿ ਕਰਮਾਂ ਨੂੰ ਫ਼ੋਕਟ ਕਰਮ-ਕਾਂਡ ਆਖ ਕੇ ਸਵਾਮੀ ਜੀ ਨੇ ਦੁਰਕਾਰਿਆ ਹੈ। ਇਸ ਤੋਂ ਇਲਾਵਾ ਹੋਰ ਕਈ ਕਰਮ-ਕਾਂਡਾਂ ਬਾਰੇ ਸਵਾਮੀ ਜੀ ਨੇ ਆਪਣੀ ਪੁਸਤਕ ਵਿਚ ਟੀਕਾ ਟਿੱਪਣੀ ਕੀਤੀ ਹੈ। ਸੁਆਮੀ ਜੀ ਆਪਣੀ ਖੋਜ ਦਾ ਤੱਤ ਕੱਢਦਿਆਂ ਲਿਖਦੇ ਹਨ :

"ਵੇਦਾਂ ਦਾ, ਸ਼ਾਸਤਰਾਂ ਦਾ, ਸਿਮ੍ਰਤੀਆਂ ਦਾ, ਸਮਾਰਤ ਸੂਪਰਾਂ ਨੂੰ ਤੰਤਰ ਤਥਾ ਪੁਰਾਣਾਂ ਦਾ ਪੂਰਵੋਵਾਦ ਅਨੇਕ ਦੋਸ਼ਾਂ ਤੋਂ ਭ੍ਰਿਸ਼ਟ ਹੋਈ ਜਾਣ ਕੇ, ਮੈਂ ਬਹੁਤ ਸਾਰੇ ਅੰਸ਼ਾਂ ਵਿਚ ਇਨ੍ਹਾਂ ਗ੍ਰੰਥਾਂ ਨੂੰ ਛੋੜ ਦਿੱਤਾ ਹੈ। ਕੇਵਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਲਕੁਲ ਨਿਰਦੋਸ਼ ਜਾਣ ਕੇ ਅਤੇ ਮਨੁੱਖ ਮਾਤ੍ਰ ਦਾ ਹਿਤੈਸ਼ੀ ਮੰਨ ਕੇ ਮੈਂ ਇਸ ਗੁਰੂ ਗ੍ਰੰਥ ਨੂੰ ਆਪਣਾ ਧਰਮ ਗ੍ਰੰਥ ਮੰਨ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਮੰਨਦਾ ਹਾਂ। ਇਸ ਲਈ ਮੈਂ ਗੁਰੂ ਦਾ ਸਿੱਖ ਹਾਂ। ਜਿਨ੍ਹਾਂ-ਜਿਨ੍ਹਾਂ ਥਾਵਾਂ 'ਤੇ 'ਆਦਿ ਗੁਰੂ ਗ੍ਰੰਥ' ਨੂੰ ਗੁਪਤ ਕਰ ਦਿੱਤਾ ਗਿਆ ਹੈ, ਉਨ੍ਹਾਂ-ਉਨ੍ਹਾਂ ਥਾਵਾਂ 'ਤੇ 'ਆਦਿ ਗੁਰੂ ਗ੍ਰੰਥ' ਫਿਰ ਸ਼ੋਭਾ ਪਾਉਣਗੇ। 'ਆਦਿ ਗੁਰੂ ਗ੍ਰੰਥ' ਨਾਲ ਵਿਰੋਧ ਕਰਨ ਵਾਲਾ ਕੋਈ ਭੀ ਵਿਅਕਤੀ ਸੁਖੀ ਨਹੀਂ ਰਹਿ ਸਕੇਗਾ। ਮੇਰਾ ਇਹ ਅਨੁਭਵ ਹੈ।"

ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਸਿੱਖ ਧਰਮ ਦੇ ਪ੍ਰਚਾਰਕਾਂ ਨੇ ਧਰਮ ਨੂੰ ਰੋਟੀਆਂ ਕਾਰਨ ਤਾਲ ਪੂਰੇ ਕਰਨ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ, ਭਾਵ ਸਿੱਖ ਧਰਮ ਦੇ ਸਿਧਾਂਤਾਂ ਨੂੰ ਕਰਮ-ਕਾਂਡੀ ਰਸਮਾਂ ਦਾ ਰੂਪ ਦੇ ਦਿੱਤਾ ਗਿਆ ਹੈ। ਪ੍ਰੈਕਟਿਸ ਅਲੋਪ ਹੋ ਗਈ। ਇੱਥੇ ਸਿੱਖ ਲਿਖਾਰੀਆਂ ਨੇ ਵੀ ਮਨ-ਮਰਜ਼ੀ ਦੀਆਂ ਕਹਾਣੀਆਂ ਘੜ ਕੇ ਸਿਧਾਂਤਾਂ ਨੂੰ ਧੁੰਦਲੇ ਕਰ ਦਿੱਤਾ ਹੈ। ਚਿੱਤਰਕਾਰ ਵੀ ਗੁਰੂ ਸਾਹਿਬਾਨ ਦੀਆਂ ਮਨੋ-ਕਲਪਿਤ ਤਸਵੀਰਾਂ ਤੇ ਮੂਰਤੀਆਂ ਬਣਾ ਕੇ ਸਿੱਖਾਂ ਨੂੰ ਮੂਰਤੀ-ਪੂਜਕ ਬਣਾ ਰਹੇ ਹਨ ਤੇ ਗੁਰੂ ਹੁਕਮ "ਗੁਰ ਮੂਰਤਿ ਗੁਰ ਸਬਦੁ ਹੈ", ਦੀ ਅਟੱਲ ਸੱਚਾਈ ਤੋਂ ਜਗਿਆਸੂਆਂ ਨੂੰ ਲਾਂਭੇ ਕਰ ਰਹੇ ਹਨ। ਇਹ ਅਰਦਾਸ ਹੈ ਕਿ ਵਾਹਿਗੁਰੂ ਸਿੱਖ ਕੌਮ ਨੂੰ ਗੁਰਮਤਿ ਗਾਡੀ-ਰਾਹ 'ਤੇ ਚੱਲਣ ਦੀ ਸਮਰੱਥਾ ਬਖ਼ਸ਼ਣ।■■

# ਸਿੱਖੀ ਖ਼ਾਤਰ ਖੋਪਰ ਲੁਹਾਉਣ ਵਾਲੇ
# ਸ਼ਹੀਦ ਭਾਈ ਤਾਰੂ ਸਿੰਘ ਜੀ

**ਸੋ ਕਹੀਅਤ ਹੈ ਸੂਰਾ ਬਿਊਰੋ**



ਸਿੱਖ ਇਤਿਹਾਸ ਸ਼ਹੀਦੀਆਂ ਦਾ ਇਤਿਹਾਸ ਹੈ। ਸ਼ਹੀਦੀ ਪਰੰਪਰਾ ਦਾ ਆਰੰਭ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਹੁੰਦਾ ਹੈ। ਇਸੇ ਪਰੰਪਰਾ ਤਹਿਤ ਭਾਈ ਤਾਰੂ ਸਿੰਘ ਜੀ ਨੇ ਸ਼ਹੀਦੀ ਦੇ ਕੇ ਅਹਿਮ ਯੋਗਦਾਨ ਪਾਇਆ। ਭਾਈ ਤਾਰੂ ਸਿੰਘ ਜੀ ਖੋਪਰ ਲੁਹਾ ਕੇ ਆਖ਼ਰੀ ਸੁਆਸਾਂ ਤੱਕ ਸਿੱਖੀ ਨੂੰ ਨਿਭਾਉਣ ਵਾਲੇ ਅਠ੍ਹਾਰਵੀਂ ਸਦੀ ਦੇ ਲਾਸਾਨੀ ਸ਼ਹੀਦ ਸਨ। ਭਾਈ ਤਾਰੂ ਸਿੰਘ ਜੀ ਦਾ ਜਨਮ ਪਿੰਡ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸੰਧੂ ਜੱਟਾਂ ਦੇ ਘਰ ਹੋਇਆ। ਪਿੰਡ ਵਿਚ ਆਪ ਆਪਣੀ ਮਾਤਾ ਤੇ ਭੈਣ ਨਾਲ ਰਹਿੰਦਿਆਂ ਖੇਤੀਬਾੜੀ ਕਰਦਿਆਂ ਸਾਦਾ ਤੇ ਖ਼ੁਸ਼ਹਾਲ ਜੀਵਨ ਬਤੀਤ ਕਰਦੇ ਸਨ। ਪਿਤਾ ਜੀ ਛੋਟੇ ਹੁੰਦਿਆਂ ਹੀ ਅਕਾਲ ਚਲਾਣਾ ਕਰ ਗਏ ਸਨ। ਸੰਨ ੧੭੧੬ 'ਚ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਸ਼ਹੀਦੀ ਉਪਰੰਤ ਮੁਗ਼ਲਾਂ ਵਲੋਂ ਸਿੰਘਾਂ ਉਤੇ ਅੱਤਿਆਚਾਰ ਸ਼ੁਰੂ ਹੋ ਗਏ। ਇਥੋਂ ਤੱਕ ਕਿ ਉਨ੍ਹਾਂ ਨੇ ਸਿੰਘਾਂ ਦੇ ਸਿਰਾਂ ਦੇ ਮੁੱਲ ਵੀ ਰੱਖਣੇ ਆਰੰਭ ਕਰ ਦਿੱਤੇ। ਉਸ ਸਮੇਂ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਜ਼ੁਲਮ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। ਜਿਥੇ ਵੀ ਕੋਈ ਸਿੰਘ ਮਿਲਦਾ ਉਸ ਨੂੰ ਮਾਰ ਦਿੱਤਾ ਜਾਂਦਾ। ਅਜਿਹੇ ਸਮੇਂ ਵਿਚ ਸਿੰਘਾਂ ਨੇ ਜੰਗਲਾਂ ਵਿਚ ਨਿਵਾਸ ਕਰਨਾ ਠੀਕ ਸਮਝਿਆ ਤਾਂ ਜੋ ਉਹ ਜ਼ਾਲਮ ਹਕੂਮਤ ਦਾ ਟਾਕਰਾ ਕਰ ਸਕਣ। ਭਾਈ ਤਾਰੂ ਸਿੰਘ ਜੀ ਤੇ ਉਨ੍ਹਾਂ ਦਾ ਪਰਿਵਾਰ ਵੇਲੇ-ਕੁਵੇਲੇ ਘਰ ਆਉਂਦੇ ਜੁਝਾਰੂ ਸਿੰਘਾਂ ਨੂੰ ਪ੍ਰਸ਼ਾਦਾ ਪਾਣੀ ਛਕਾਉਣ ਦੀ ਸੇਵਾ ਬੜੀ ਖ਼ੁਸ਼ੀ ਨਾਲ ਕਰਦਾ ਸੀ। ਭਾਈ ਤਾਰੂ ਸਿੰਘ ਜੀ ਬਾਬਾ ਬੁੱਢਾ ਜੀ ਦੀ ਬੀੜ ਦੇ ਲਾਗੇ ਜੰਗਲ ਵਿਚ ਰਹਿੰਦੇ ਸਿੰਘਾਂ ਨੂੰ ਵੀ ਤਿਆਰ ਲੰਗਰ ਜਾਂ ਕੱਚੀ ਰਸਦ ਪਹੁੰਚਾਉਂਦੇ ਰਹਿੰਦੇ ਤੇ ਕਸ਼ਟ ਝੱਲ ਰਹੇ ਸਿੱਖ ਜੁਝਾਰੂਆਂ ਦੀ ਯਥਾ-ਸ਼ਕਤੀ ਅਨੁਸਾਰ ਸਹਾਇਤਾ ਕਰਕੇ ਸੰਤੁਸ਼ਟ ਹੁੰਦੇ।

ਭਾਈ ਤਾਰੂ ਸਿੰਘ ਜੀ ਦਾ ਇਲਾਕੇ ਦੇ ਲੋਕ ਉਚੇ-ਸੁੱਚੇ ਚਰਿਤਰ ਕਰਕੇ ਅਥਾਹ ਸਤਿਕਾਰ ਕਰਦੇ ਸਨ। ਉਸ ਸਮੇਂ ਸਿੰਘਾਂ ਨਾਲ ਵੈਰ ਰੱਖਣ ਵਾਲਿਆਂ ਦੀ ਵੀ ਘਾਟ ਨਹੀਂ ਸੀ। ਹਰਭਗਤ ਨਿਰੰਜਨੀਆ ਨਾਂਅ ਦੇ ਇਕ ਮੁਖ਼ਬਰ ਨੂੰ ਜਦੋਂ ਭਾਈ ਤਾਰੂ ਸਿੰਘ ਜੀ ਬਾਰੇ ਪਤਾ ਲੱਗਿਆ ਕਿ ਉਹ ਹਕੂਮਤ ਦੇ ਬਾਗ਼ੀ ਸਿੰਘਾਂ ਦੀ ਸਹਾਇਤਾ ਕਰਦੇ ਹਨ ਤਾਂ ਉਸ ਨੇ ਗਵਰਨਰ ਜ਼ਕਰੀਆ ਖ਼ਾਨ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਜ਼ਕਰੀਆ ਖ਼ਾਨ ਨੇ ਤੁਰੰਤ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ। ਹਰਭਗਤ ਨਿਰੰਜਨੀਆ ਲਾਹੌਰ ਤੋਂ ੨੦ ਪੈਦਲ ਸਿਪਾਹੀ ਲੈ ਕੇ ਪੂਹਲੇ ਪਿੰਡ ਪੁੱਜਾ ਤੇ ਭਾਈ ਤਾਰੂ ਸਿੰਘ ਜੀ ਨੂੰ ਫੜਵਾ ਦਿੱਤਾ। ਸਿਪਾਹੀ ਭਾਈ ਤਾਰੂ ਸਿੰਘ ਜੀ ਨੂੰ ਬੰਦੀ ਬਣਾ ਕੇ ਲਾਹੌਰ ਨੂੰ ਲੈ ਤੁਰੇ ਤਾਂ ਪਿੰਡ ਦੇ ਲੋਕਾਂ ਨੇ ਬਥੇਰਾ ਕਿਹਾ ਕਿ ਭਾਈ ਜੀ ਤਾਂ ਬਹੁਤ ਨੇਕ ਇਨਸਾਨ ਹਨ ਤੇ ਬਹੁਤ ਤਰਲੇ ਕੀਤੇ ਇਨ੍ਹਾਂ ਨੂੰ ਛੁਡਾਉਣ ਲਈ ਪਰ ਕਿਸੇ

**ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਜੀ ਨੂੰ ਆਪਣਾ ਧਰਮ ਛੱਡ ਕੇ ਮੁਸਲਮਾਨ ਬਣਨ ਲਈ ਕਿਹਾ ਤੇ ਅਜਿਹਾ ਨਾ ਮੰਨਣ 'ਤੇ ਕੇਸ ਕਤਲ ਕਰਨ ਦਾ ਹੁਕਮ ਦਿੱਤਾ ਪਰ ਭਾਈ ਤਾਰੂ ਸਿੰਘ ਜੀ ਨੇ ਮੁਸਲਮਾਨ ਬਣਨ ਤੇ ਕੇਸ ਕਤਲ ਕਰਵਾਉਣ ਦੀ ਗੱਲ ਨਾ ਮੰਨੀ ਤੇ ਕਿਹਾ ਕਿ ਮੈਂ ਸਿਰ ਕਟਵਾ ਸਕਦਾ ਹਾਂ ਪਰ ਸਤਿਗੁਰੂ ਦੀ ਦਿੱਤੀ ਪਵਿੱਤਰ ਦਾਤ ਨਹੀਂ ਕਟਵਾ ਸਕਦਾ। ਜ਼ਕਰੀਆ ਖਾਨ ਵਲੋਂ ਦੁਨੀਆ ਭਰ ਦੀਆਂ ਖ਼ੁਸ਼ੀਆਂ ਦੇਣ ਦਾ ਵਾਅਦਾ ਕੀਤਾ ਗਿਆ ਪਰ ਭਾਈ ਤਾਰੂ ਸਿੰਘ ਜੀ ਕਿਸੇ ਵੀ ਕੀਮਤ 'ਤੇ ਇਸ ਪਵਿੱਤਰ ਦਾਤ ਨੂੰ ਸਰੀਰ ਤੋਂ ਵੱਖ ਕਰਨ ਲਈ ਨਾ ਮੰਨੇ।**

ਨੇ ਉਨ੍ਹਾਂ ਦੇ ਕਹੇ ਨੂੰ ਨਾ ਸੁਣਿਆ। ਰਸਤੇ ਵਿਚ ਪਿੰਡ ਭੜਾਣੇ ਦੇ ਸਿੱਖਾਂ ਨੇ ਭਾਈ ਜੀ ਨੂੰ ਮੁਗ਼ਲ ਸਿਪਾਹੀਆਂ ਦੇ ਹੱਥੋਂ ਤਾਕਤ ਵਰਤ ਕੇ ਛੁਡਾਉਣ ਦਾ ਫ਼ੈਸਲਾ ਵੀ ਕਰ ਲਿਆ, ਪਰ ਭਾਈ ਤਾਰੂ ਸਿੰਘ ਜੀ ਨੇ ਉਨ੍ਹਾਂ ਨੂੰ ਐਸਾ ਕਰਨੋਂ ਰੋਕ ਦਿੱਤਾ। ਲਾਹੌਰ ਲਿਜਾ ਕੇ ਭਾਈ ਤਾਰੂ ਸਿੰਘ ਜੀ ਨੂੰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਕਈ ਦਿਨ ਜੇਲ੍ਹ ਵਿਚ ਬੰਦ ਰੱਖਿਆ ਗਿਆ ਅਤੇ ਬਹੁਤ ਤਸੀਹੇ ਦਿੱਤੇ ਗਏ। ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਜੀ ਨੂੰ ਆਪਣਾ ਧਰਮ ਛੱਡ ਕੇ ਮੁਸਲਮਾਨ ਬਣਨ ਲਈ ਕਿਹਾ ਤੇ ਅਜਿਹਾ ਨਾ ਮੰਨਣ 'ਤੇ ਕੇਸ ਕਤਲ ਕਰਨ ਦਾ ਹੁਕਮ ਦਿੱਤਾ ਪਰ ਭਾਈ ਤਾਰੂ ਸਿੰਘ ਜੀ ਨੇ ਮੁਸਲਮਾਨ ਬਣਨ ਤੇ ਕੇਸ ਕਤਲ ਕਰਵਾਉਣ ਦੀ ਗੱਲ ਨਾ ਮੰਨੀ ਤੇ ਕਿਹਾ ਕਿ ਮੈਂ ਸਿਰ ਕਟਵਾ ਸਕਦਾ ਹਾਂ ਪਰ ਸਤਿਗੁਰੂ ਦੀ ਦਿੱਤੀ ਪਵਿੱਤਰ ਦਾਤ ਨਹੀਂ ਕਟਵਾ ਸਕਦਾ। ਜ਼ਕਰੀਆ ਖਾਨ ਵਲੋਂ ਦੁਨੀਆ ਭਰ ਦੀਆਂ ਖ਼ੁਸ਼ੀਆਂ ਦੇਣ ਦਾ ਵਾਅਦਾ ਕੀਤਾ ਗਿਆ ਪਰ ਭਾਈ ਤਾਰੂ ਸਿੰਘ ਜੀ ਕਿਸੇ ਵੀ ਕੀਮਤ 'ਤੇ ਇਸ ਪਵਿੱਤਰ ਦਾਤ ਨੂੰ ਸਰੀਰ ਤੋਂ ਵੱਖ ਕਰਨ ਲਈ ਨਾ ਮੰਨੇ। ਇਸ ਤੋਂ ਬਾਅਦ ਜ਼ਕਰੀਆ ਖ਼ਾਨ ਨੇ ਜੱਲਾਦ ਨੂੰ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰਨ ਦਾ ਹੁਕਮ ਦੇ ਦਿੱਤਾ।

ਭਾਈ ਤਾਰੂ ਸਿੰਘ ਜੀ ਨੇ ਆਪਣੀ ਸਿੱਖੀ ਨੂੰ ਕੇਸਾਂ-ਸੁਆਸਾਂ ਨਾਲ ਨਿਭਾਅ ਕੇ ਮਿਸਾਲ ਕਾਇਮ ਕੀਤੀ। ਜੱਲਾਦ ਰੰਬੀ ਨਾਲ ਭਾਈ ਸਾਹਿਬ ਦੀ ਖੋਪਰੀ ਉਤਾਰ ਰਿਹਾ ਸੀ ਤੇ ਆਪ ਜਪੁ ਜੀ ਸਾਹਿਬ ਦਾ ਪਾਠ ਕਰ ਰਹੇ ਸਨ। ਇੰਨਾ ਕੁਝ ਹੁੰਦਿਆਂ ਵੀ ਆਪ ਦੇ ਮੂੰਹੋਂ 'ਸੀਅ' ਤੱਕ ਨਾ ਨਿਕਲੀ।

ਖੋਪਰੀ ਉਤਾਰੇ ਜਾਣ ਤੋਂ ਬਾਅਦ ਵੀ ਆਪ ੨੨ ਦਿਨ ਤੱਕ ਜੀਵਤ ਰਹੇ ਅਤੇ ੧੬ ਜੁਲਾਈ ੧੭੪੫ ਈਸਵੀ ਨੂੰ ਸ਼ਹੀਦੀ ਪ੍ਰਾਪਤ ਕਰ ਗਏ।ਜਦੋਂ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਗਈ ਤਾਂ ਉਧਰ ਜ਼ਕਰੀਆ ਖ਼ਾਨ ਦਾ ਪਿਸ਼ਾਬ ਆਉਣਾ ਬੰਦ ਹੋ ਗਿਆ। ਹਕੀਮਾਂ ਤੇ ਵੈਦਾਂ ਦੇ ਸਾਰੇ ਯਤਨ ਵਿਅਰਥ ਹੋ ਗਏ ਤਾਂ ਜ਼ਕਰੀਆ ਖ਼ਾਨ ਨੇ ਭਾਈ ਸੁਬੇਗ ਸਿੰਘ ਰਾਹੀਂ ਖ਼ਾਲਸਾ ਪੰਥ ਤੋਂ ਮੁਆਫ਼ੀ ਮੰਗ ਭੇਜੀ।

ਅੱਗੋਂ ਸਿੰਘਾਂ ਨੇ ਕਿਹਾ ਕਿ ਜ਼ਕਰੀਆ ਖ਼ਾਨ ਦਾ ਪਿਸ਼ਾਬ ਸ਼ੁਰੂ ਹੋ ਜਾਵੇਗਾ ਪਰ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਜ਼ਕਰੀਆ ਖ਼ਾਨ ਦੇ ਸਿਰ ਵਿਚ ਮਾਰਨੀ ਪਵੇਗੀ। ਮਰਨੇ ਪਏ ਜ਼ਕਰੀਆ ਖ਼ਾਨ ਨੇ ਮਨਜ਼ੂਰ ਕਰ ਲਿਆ। ਜਿਉਂ- ਜਿਉਂ ਜ਼ਕਰੀਆ ਖ਼ਾਨ ਦੇ ਸਿਰ ਵਿਚ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਵੱਜਦੀ, ਜ਼ਕਰੀਏ ਦਾ ਪਿਸ਼ਾਬ ਆਉਣ ਲੱਗ ਜਾਂਦਾ। ਥੋੜ੍ਹੇ ਸਮੇਂ ਮਗਰੋਂ ਹੀ ਜ਼ਕਰੀਆ ਖ਼ਾਨ ਦਮ ਤੋੜ ਗਿਆ।▪▪


# 'ਸੋ ਕਹੀਅਤ ਹੈ ਸੂਰਾ' ਡਿਜ਼ੀਟਲ ਰੂਪ 'ਚ ਪ੍ਰਾਪਤ ਕਰੋ

'ਸੋ ਕਹੀਅਤ ਹੈ ਸੂਰਾ' ਗੁਰਮਤਿ ਮਾਸਿਕ ਪੱਤਰ ਹੁਣ ਡਿਜ਼ੀਟਲ ਰੂਪ ਵਿਚ ਆਪਣਾ ਵਿਸਥਾਰ ਕਰਨ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਵਾਤਾਵਰਨ ਵਿਗਾੜ ਨੂੰ ਦੇਖਦਿਆਂ ਕਾਗਜ਼ ਦੀ ਬੱਚਤ ਕਰਨ ਹਿਤ, ਡਾਕਘਰਾਂ ਰਾਹੀਂ 'ਸੋ ਕਹੀਅਤ ਹੈ ਸੂਰਾ' ਦੇਰ ਨਾਲ ਪਾਠਕਾਂ ਨੂੰ ਮਿਲਣ ਅਤੇ ਗੁਰਬਾਣੀ ਦੀ ਬੇਅਦਬੀ ਦੇ ਖਦਸ਼ੇ ਆਦਿ ਪਹਿਲੂਆਂ ਦੇ ਮੱਦੇਨਜ਼ਰ ਅਸੀਂ ਹੁਣ ਇਸ ਮਾਸਿਕ ਪੱਤਰ ਦਾ ਡਿਜ਼ੀਟਲ ਰੂਪ ਵਿਚ ਵਿਸਥਾਰ ਕਰਨ ਦਾ ਫ਼ੈਸਲਾ ਕੀਤਾ ਹੈ। ਜਿਹੜੇ ਮੈਂਬਰ 'ਸੋ ਕਹੀਅਤ ਹੈ ਸੂਰਾ' ਡਾਕ ਰਾਹੀਂ ਹੀ ਲੈਣਾ ਚਾਹੁਣਗੇ, ਉਨ੍ਹਾਂ ਨੂੰ ਮਾਸਿਕ ਪੱਤਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਡਾਕ ਰਾਹੀਂ ਹੀ ਭੇਜਿਆ ਜਾਵੇਗਾ, ਪਰ ਜਿਹੜੇ ਮੈਂਬਰ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹਰ ਮਹੀਨੇ ਸਮੇਂ ਸਿਰ 'ਸੋ ਕਹੀਅਤ ਹੈ ਸੂਰਾ' ਦਾ ਡਿਜ਼ੀਟਲ ਅੰਕ ਵਟਸਐਪ ਰਾਹੀਂ ਭੇਜਿਆ ਜਾਵੇ, ਉਹ ਕਿਰਪਾ ਕਰਕੇ ਆਪੋ ਆਪਣੇ ਵਟਸਐਪ ਨੰਬਰ ਸਾਡੇ ਵਟਸਐਪ ਨੰਬਰ: 93577-23874 'ਤੇ ਭੇਜਣ ਦੀ ਕਿਰਪਾਲਤਾ ਕਰਨ ਜੀ।


**SO KAHIYAT HAI SOORA is Online available at:**

**1.www.akj.org 2.www.akjmagazine.com**

**3.Face book 4.Whatsapp**



Postal Registration No.CHD/0178/2015-2017



ਉੱਘੇ ਆਜ਼ਾਦੀ ਘੁਲਾਟੀਏ ਅਤੇ ਪੰਥ ਦੀ ਸੋਨ ਚਿੜੀ
ਭਾਈ ਸਾਹਿਬ ਭਾਈ ਰਣਧੀਰ ਸਿਘ ਜੀ ਦਾ
੦੭ ਜੁਲਾਈ ਨੂੰ ੧੩੭ਵਾਂ ਜਨਮ ਦਿਨ ਹੈ ।